ਸੀਤਲ ਕਿਰਣਾਂ

ਗਿ: ਸੋਹਣ ਸਿੰਘ ਸੀਤਲ

ਸੀਤਲ ਕਿਰਣਾਂ

ਸੋਹਣ ਸਿੰਘ 'ਸੀਤਲ'

ਲਾਹੌਰ ਬੁੱਕ ਸ਼ਾਪ, ਲੁਧਿਆਣਾ

SEETAL KIRNAAN

Sohan Singh 'Seetal'

ਪਹਿਲੀ ਵਾਰ : ਜੂਨ, ੧੯੪੨

ਸੈਂਤੀਵੀਂ ਵਾਰ : ਮਈ, ੧੯੯੬

ਲਾਹੌਰ ਬੁੱਕ ਸ਼ਾਪ ਵੱਲੋਂ ਪਹਿਲੀ ਵਾਰ : ੨੦੦੨ ਈ :

ਲਾਹੌਰ ਬੁੱਕ ਸ਼ਾਪ ਵੱਲੋਂ ਦੂਜੀ ਵਾਰ : ੨੦੧੩ ਈ :

ਮੁੱਲ : ੪੦/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ,
ਲਾਹੌਰ ਬੁੱਕ ਸ਼ਾਪ,
2- ਲਾਜਪਤ ਰਾਇ ਮਾਰਕੀਟ,
ਲੁਧਿਆਣਾ। ਫ਼ੋਨ : 2740738
E-mail:-lahorebookshop@yahoo.com

ਟਾਈਪ ਸੈਟਿੰਗ : ਲੇਜ਼ਰ ਕੈਲੀਗ੍ਰਾਫ਼ਰਜ਼,
ਜਲੰਧਰ। ਫ਼ੋਨ : 457562 .

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ।

ਤਤਕਰਾ

੧.	ਪ੍ਰਾਰਥਨਾ	੫
੨.	ਸ਼ਹੀਦ ਗੰਜ ਸਿੰਘਣੀਆਂ	੭
੩.	ਸ਼ਹੀਦੀ ਭਾਈ ਤਾਰੂ ਸਿੰਘ ਜੀ	੨੯
੪.	ਬਾਲਾ-ਪ੍ਰੀਤਮ	੪੯
੫.	ਗੱਡੀ ਪੰਜਾ ਸਾਹਿਬ	੫੮
੬.	ਸ਼ਹੀਦੀ ਕੇਵਲ ਸਿੰਘ	੭੦
੭.	ਵਿਦਾਇਗੀ :- ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ	੭੩
੮.	ਉਠ ਜਾਗ ਮੁਸਾਫ਼ਰ	੭੬
੯.	ਬਾਕੀ ਨਹੀਂ ਨਾਮ ਨਸ਼ਾਨ ਰਿਹਾ	੭੮
੧੦.	ਏਥੇ ਬੈਠ ਕਿਸੇ ਨਹੀਂ ਰਹਿਣਾ	੮੦
੧੧.	ਭਾਰਤ ਮਾਤਾ	੮੨
੧੨.	ਦਾਤਾ ਤੇ ਭਿਖਾਰੀ	੮੫
੧੩.	ਪੂਰਨ ਪੁਰਖ	੮੯

ਭੇਟਾ

ਉਹਨਾਂ ਸ਼ਹੀਦ ਰੂਹਾਂ ਦੀ,
ਜਿਨ੍ਹਾਂ ਦੀ ਕੁਰਬਾਨੀ ਤੋਂ
ਕੌਮਾਂ ਸਦਾ ਦੀ ਜ਼ਿੰਦਗੀ
ਹਾਸਲ ਕਰਦੀਆਂ ਹਨ।

'ਸੀਤਲ'

ੴ ਸਤਿਗੁਰ ਪ੍ਰਸਾਦਿ ॥

ਸਲੋਕ

ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ।
ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ।

ਜੈਤਸਰੀ ਮਹਲਾ ੫॥

ਪ੍ਰਾਰਥਨਾ

ਪਿਰਥਮੇ ਭਗਉਤੀ ਨੂੰ ਨਮਸਕਾਰ ਜੀ
ਜੋ ਖ਼ਾਲਸੇ ਦੀ ਸ਼ਾਨ ਹੈ, ਗ਼ਰੀਬਾਂ ਦੀ ਸਹਾਈ ਹੈ
ਨਾਨਕ ਗੁਰੂ ਦੇ ਡਿੱਗਿਆ ਦੁਆਰ ਜੀ
ਜੋ ਰੱਬ ਦਾ ਪਿਆਰਾ ਹੈ, ਤੇ ਮੂਰਤੀ ਇਲਾਹੀ ਹੈ
ਅੰਗਦ ਗੁਰੂ ਨੂੰ ਸੀਸ ਮੈਂ ਨਿਵਾਵੰਦਾ
ਜਿੰਨ੍ਹਾਂ ਨੇ ਪਾਈ ਨਾਨਕੋਂ, ਦਿੱਤੀ ਅਮਰਦਾਸ ਨੂੰ
ਤੀਸਰੇ ਗੁਰੂ ਨੂੰ ਚਿੱਤ 'ਚ ਧਿਹਾਵੰਦਾ
ਜਿੰਨ੍ਹਾਂ ਨੇ ਲੜ ਲਾ ਲਿਆ ਅੰਞਾਣੇ ਰਾਮਦਾਸ ਨੂੰ
ਧੰਨ, ਧੰਨ, ਧੰਨ ਚੌਥੇ ਅਵਤਾਰ ਜੀ
ਸਰੋਵਰ ਬਣਾਇਆ ਹੈ, ਜੋ ਸਫਲ ਕਮਾਈ ਹੈ
ਵਾਰ ਵਾਰ ਤੇਗ਼ ਨੂੰ ਨਮਸ਼ਕਾਰ ਜੀ
ਜੋ ਖ਼ਾਲਸੇ ਦੀ ਸ਼ਾਨ ਹੈ, ਗ਼ਰੀਬਾਂ ਦੀ ਸਹਾਈ ਹੈ
ਪੰਜਵੇਂ ਗੁਰਾਂ ਨੂੰ ਬੰਦਨਾ ਪਿਆਰਿਆ
ਜੋ ਬਾਦਸ਼ਾਹ ਸ਼ਹੀਦਾਂ ਦੇ ਸ਼ਾਂਤੀ ਸਰੂਪ ਜੀ

ਗਿਆਨ ਦਾ ਖ਼ਜ਼ਾਨਾ ਗ੍ਰੰਥ ਹੈ ਉਚਾਰਿਆ
ਜੋ ਹੁਕਮ ਅਕਾਲ ਦਾ ਹੈ ਬਾਣੀ ਸੱਤ ਰੂਪ ਜੀ
ਹਰਿਗੋਬਿੰਦ ਸਾਹਿਬ ਛੇਵੇਂ ਅਵਤਾਰ ਜੀ
ਜਿਨ੍ਹਾਂ ਦੇ ਸੀਸ ਕਲਗ਼ੀ ਤੇ ਗਲ ਤੇਗ਼ ਪਾਈ ਹੈ
ਵਾਰ ਵਾਰ ਤੇਗ਼ ਨੂੰ ਨਮਸਕਾਰ ਜੀ
ਜੋ ਖ਼ਾਲਸੇ ਦੀ ਸ਼ਾਨ ਹੈ, ਗ਼ਰੀਬਾਂ ਦੀ ਸਹਾਈ ਹੈ
ਸ੍ਰੀ ਹਰਿ ਰਾਇ ਹ਼ਰੀ ਦੇ ਸਰੂਪ ਜੀ
ਜਿੰਨ੍ਹਾਂ ਨੇ ਰੂਪ ਅੱਠਵਾਂ ਹਰੀ ਕ੍ਰਿਸ਼ਨ ਧਾਰਿਆ
ਨੌਂਵੇਂ ਗੁਰੂ ਪਰਤੱਖ ਸ਼ਾਂਤੀ ਰੂਪ ਜੀ
ਜਿੰਨ੍ਹਾਂ ਨੇ ਸੀਸ ਆਪਣਾ ਧਰਮ ਹੇਤ ਵਾਰਿਆ
ਹਿੰਦ ਵਾਲਾ ਬੇੜਾ ਡੁੱਬਾ ਲਾਇਆ ਪਾਰ ਜੀ
ਦਿੱਲੀ ਦੇ ਵਿਚ ਖ਼ੂਨ ਦੀ ਜਿੰਨ੍ਹਾਂ ਨਦੀ ਵਹਾਈ ਹੈ
ਵਾਰ ਵਾਰ ਤੇਗ਼ ਨੂੰ ਨਮਸਕਾਰ ਜੀ
ਜੋ ਖ਼ਾਲਸੇ ਦੀ ਸ਼ਾਨ ਹੈ, ਗ਼ਰੀਬਾਂ ਦੀ ਸਹਾਈ ਹੈ
ਦਸਵੇਂ ਗੁਰੂ ਨੂੰ ਬੰਦਨਾ ਪਿਆਰਿਆ
ਜਿਨ੍ਹਾਂ ਧਰਮ ਵਾਸਤੇ ਜੀ ਚਾਰੇ ਲਾਲ ਵਾਰੇ ਨੇ
ਡੁੱਬਾ ਜਾਂਦਾ ਬੇੜਾ ਹਿੰਦੀਆਂ ਦਾ ਤਾਰਿਆ
ਜੀ ਤਾਰੇ ਚਾਲੀ ਮੁਕਤੇ ਤੇ ਸਾਜੇ ਪੰਜ ਪਿਆਰੇ ਨੇ
ਦਸਾਂ ਦੇ ਸਰੂਪ ਸਿਰੀ ਦਰਬਾਰ ਜੀ
ਹਜ਼ਾਰ ਵਾਰ ਬੰਦਨਾ ਮੈਂ 'ਸੀਤਲ' ਸੁਣਾਈ ਹੈ
ਵਾਰ ਵਾਰ ਤੇਗ਼ ਨੂੰ ਨਮਸਕਾਰ ਜੀ
ਜੋ ਖ਼ਾਲਸੇ ਦੀ ਸ਼ਾਨ ਹੈ, ਗ਼ਰੀਬਾਂ ਦੀ ਸਹਾਈ ਹੈ।

੨੦-੨-੩੫ ਈ.

ੴ ਸਤਿਗੁਰ ਪ੍ਰਸਾਦਿ ॥

ਸਾਕਾ

ਸ਼ਹੀਦ ਗੰਜ

ਮੀਰ ਮੰਨੂੰ ਦੇ ਜ਼ੁਲਮ

ਤੇ

ਸਿੰਘਣੀਆਂ ਦੇ ਸਿਦਕ

ਕੌਣ ਕਹਿੰਦਾ ਹੈ, ਮੌਤ ਇਨਸਾਨ ਨੂੰ ਮਿਟਾ ਦੇਂਦੀ ਹੈ? ਦੇਸ ਦੀ ਖ਼ਾਤਰ ਮਰਨ ਵਾਲੇ ਸਦਾ ਦੀ ਜ਼ਿੰਦਗੀ ਹਾਸਲ ਕਰ ਲੈਂਦੇ ਹਨ। ਉਹ ਚਲਦੀਆਂ ਜ਼ਿੰਦਗੀਆਂ ਨੂੰ ਵਾਜਾਂ ਮਾਰ ਮਾਰ ਆਪਣੇ ਵੱਲ ਖਿੱਚਦੇ ਹਨ ਤੇ ਉਹਨਾਂ ਨੂੰ ਪੂਰਨਤਾ ਦਾ ਸਬਕ ਦੇਂਦੇ ਹਨ। ਆਪ ਲਾਹੌਰ ਜਾਓ, ਤਾਂ ਸਟੇਸ਼ਨ ਤੋਂ ਉਤਰਦਿਆਂ ਹੀ ਕੋਈ ਥਾਂ ਦਿਲ ਨੂੰ ਖਿੱਚ ਲੈਂਦੀ ਹੈ। ਇਹ ਸਿੱਖਾਂ ਦੀ ਕਰਬਲਾ (ਸ਼ਹੀਦ ਗੰਜ) ਹੈ। ਅੰਦਰ ਲੰਘਦਿਆਂ ਹੀ ਪਹਿਲੀ ਨਜ਼ਰ ਸ਼ੀਸ਼ੇ ਦੀ ਅਲਮਾਰੀ ਵਿਚ ਧਰੀਆਂ ਯਾਦਗਾਰਾਂ ਉੱਤੇ ਪੈਂਦੀ ਹੈ। ਇਹ ਕੀ ਹਨ?

ਬੈਂਤ

ਇਹ ਕੋਈ ਨਹੀਂ ਢੇਰੀ ਮੁਰਦਾ ਹੱਡੀਆਂ ਦੀ
ਜਿਉਂਦੇ ਜਾਗਦੇ ਏਸ ਵਿਚ ਲਾਲ ਕੋਈ
ਭਰਤੇ ਹੋਣਗੇ ਕੋਈ ਸਤਵੰਤੀਆਂ ਦੇ
ਕੋਈਆਂ ਮਾਂਵਾਂ ਦੇ ਲਾਡਲੇ ਬਾਲ ਕੋਈ
ਕੋਈ ਚਰਖ਼ੜੀ 'ਤੇ ਚੜ੍ਹੇ ਹੱਸ ਹੱਸ ਕੇ

ਲੋਹਿਆਂ ਤੱਤਿਆਂ ਦੇ ਲੱਗੇ ਨਾਲ ਕੇਈ
ਗੋਦੀ ਖਿਹਡਦੇ ਮਾਂਵਾਂ ਦੇ ਸ਼ੇਰ ਹੋਏ
ਛੁਰੀ ਜ਼ੁਲਮ ਦੀ ਨਾਲ ਹਲਾਲ ਕੇਈ
ਉਹ ਵੀ ਹੋਣਗੀਆਂ ਮਾਂਵਾਂ ਇਹਨਾਂ ਅੰਦਰ
ਤਾਰੇ ਨੈਣਾਂ ਦੇ ਜਿੰਨ੍ਹਾਂ ਕੁਹਾਏ ਹੋਸਨ
ਦਿਲ ਦੇ ਟੁਕੜਿਆਂ ਦੇ ਕਰਵਾਏ ਟੁਕੜੇ
ਹਾਰ ਗਲਾਂ ਦੇ ਵਿਚ ਪੁਆਏ ਹੋਸਨ
ਟਿੱਕੀ ਜਵਾਂ ਦੀ ਉਤੇ ਗੁਜ਼ਰਾਨ ਕਰਕੇ
ਡਾਢੇ ਭੁੱਖ ਤੇ ਦੁੱਖ ਉਠਾਏ ਹੋਸਨ
ਸਵਾ ਮਣ ਦਾ ਪੀਸਣਾ ਪੀਸ 'ਸੀਤਲ'
ਉੱਤੇ ਨੇਜ਼ਿਆਂ ਪੁੱਤ ਟੰਗਵਾਏ ਹੋਸਨ

ਇਹ ਸਾਡਾ ਸ਼ਹੀਦ ਗੰਜ ਹੈ, ਜਿਸ ਵਿਚ ਇਕ ਨਹੀਂ, ਦੋ ਨਹੀਂ, ਦਸ ਨਹੀਂ, ਦਸ ਸੌ ਨਹੀਂ, ਢਾਈ-ਤਿੰਨ ਲੱਖ ਸਿੱਖਾਂ ਦਾ ਸਿਰ ਲੱਗਾ ਹੈ। ਏਸ ਧਰਤੀ ਦਾ ਜ਼ੱਰਰਾ ਜ਼ੱਰਰਾ ਸਾਡੇ ਖ਼ੂਨ ਨਾਲ ਤਰ ਹੋ ਚੁੱਕਾ ਹੈ। ਏਹੀ ਥਾਂ ਹੈ, ਜਿੱਥੇ ਅਸਾਂ ਬੰਦ-ਬੰਦ ਕਟਵਾਏ, ਚਰਖੜੀਆਂ ਉੱਤੇ ਚੜ੍ਹੇ, ਪਰ ਖਿੜੇ ਮੱਥੇ ਰਹੇ। ਸੁਣੋ; ਭਾਈ ਰਤਨ ਸਿੰਘ ਜੀ 'ਭੰਗੂ' ਆਪਣੇ 'ਪੰਥ ਪ੍ਰਕਾਸ਼' ਦੇ ਪੰਨਾ ੨੧੪ ਉੱਤੇ ਕੀ ਲਿਖਦੇ ਹਨ :-

"ਕਈ ਚਰਖ, ਕਈ ਫਾਂਸੀ ਮਾਰੇ
ਕਈ ਟੋਕਣ, ਕਈ ਛੁਰੀ ਕਟਾਰੇ
ਕਈ ਅਨੇਕ ਸਿਰ ਮੁੰਗਲੀ ਕੁੱਟੇ
ਕਈ ਡੋਬੇ, ਕਈ ਘਸੀਟ ਕੇ ਸੁੱਟੇ
ਦੱਬੇ, ਕੱਟੇ, ਬੰਦੂਕਨ ਦਏ ਮਾਰ
ਕੌਨ ਗਨੇ, ਜੋ ਮਾਰੇ ਹਜ਼ਾਰ
ਪਾਤ ਪਾਤ ਕਈ ਪਕੜ ਬਹਾਏ
ਸਾਥ ਤੇਗਨ ਕੇ ਸੀਸ ਉਡਾਏ
ਕਿਸੇ ਹੱਥ, ਕਿਸੇ ਟੰਗ ਕਟਵਾਏ
ਅੱਖ ਕੱਢ, ਕਿਸੇ ਖੱਲ ਲੁਹਾਏ

ਕੇਸਨ ਵਾਲੇ ਜੋ ਨਰ ਹੋਈ
ਬਾਲ ਬਿਰਧ ਲਭ ਛੱਡਿਓ ਨਾ ਕੋਈ"

ਹਾਂ! ਹਾਂ!! ਏਸੇ ਥਾਂ ਭਾਈ ਮਨੀ ਸਿੰਘ ਜੀ ਦੇ ਬੰਦ ਕੱਟੇ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲੱਥੀ, ਭਾਈ ਦਿਆਲ ਸਿੰਘ (ਸਹਿੰਸਰੇ ਵਾਲੇ) ਚਰਖ਼ੜੀ 'ਤੇ ਚੜ੍ਹੇ, ਭਾਈ ਹੀਰਾ ਸਿੰਘ (ਰੰਘੜ ਨੰਗਲ), ਭਾਈ ਸਰੂਪ ਸਿੰਘ (ਖੁੱਡੀਆਂ), ਭਾਈ ਤੇਗ਼ਾ ਸਿੰਘ (ਮਤਾਬ ਕੋਟੀਆ), ਭਾਈ ਸੱਦਨ ਸਿੰਘ, ਭਾਈ ਤਕੜਾ ਸਿੰਘ, ਭਾਈ ਬਹਾਦਰ ਸਿੰਘ, ਭਾਈ ਗਰਜਾ ਸਿੰਘ, ਭਾਈ ਬੁਲਾਕਾ ਸਿੰਘ (ਕੰਗ), ਭਾਈ ਪਹਾੜਾ ਸਿੰਘ, ਭਾਈ ਵਜ਼ੀਰ ਸਿੰਘ (ਮਜੀਠਾ), ਭਾਈ ਮਹਿਤਾਬ ਸਿੰਘ, ਭਾਈ ਸ਼ਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ (ਜੰਬਰ), ਭਾਈ ਹਕੀਕਤ ਸਿੰਘ, ਭਾਈ ਮਹਿਤਾਬ ਸਿੰਘ (ਮੀਰਾਂਕੋਟ) ਆਦਿ ਅਨੇਕ ਤਸੀਹੇ ਝੱਲਦੇ ਹੋਏ ਦੇਸ ਤੋਂ ਕੁਰਬਾਨ ਹੋਏ। ਏਥੇ ਹੀ 'ਮੀਰ ਮੰਨੂੰ' ਨੇ ਸਿੰਘਣੀਆਂ ਦੇ ਸਿਦਕ ਪਰਖੇ।

ਜੋ ਵੀ ਲਾਹੌਰ ਦੇ ਤਖ਼ਤ 'ਤੇ ਬੈਠਾ, ਵੱਧ ਤੋਂ ਵੱਧ ਆਇਆ, ਪਰ 'ਮੀਰ ਮੰਨੂੰ' ਨੇ ਤਾਂ ਅਖ਼ੀਰ ਕਰ ਦਿੱਤੀ। ਉਹ ਅਪ੍ਰੈਲ, ੧੭੪੮ ਈ. ਤੋਂ ੪ ਨਵੰਬਰ, ੧੭੫੩ ਈ. ਤਕ ਤਕਰੀਬਨ ੫ ਸਾਲ, ੭ ਮਹੀਨੇ ਲਾਹੌਰ ਦਾ ਸੂਬੇਦਾਰ ਰਿਹਾ। ਓਸ ਦੇ ਅਹਿਦ ਵਿਚ ਸਿੱਖਾਂ ਬਾਰੇ ਇਹ ਮਿਸਾਲ ਕਾਇਮ ਹੋ ਗਈ ਸੀ:

"ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਤਿਉਂ ਤਿਉਂ ਦੂਣੇ ਹੋਏ"

ਸਿੱਖਾਂ ਦੇ ਸਿਰਾਂ ਦੇ ਇਨਾਮ, ਗ਼ਸ਼ਤੀ ਫ਼ੌਜਾਂ ਦੀ ਮਾਰ ਧਾੜ, ਇਹ ਨਿੱਤ-ਕਰਮ ਸੀ। ਮੁਸਲਮਾਨ ਤਾਰੀਖ਼ਾਂ ਵਿਚ ਲਿਖਿਆ ਹੈ, ਕਿ 'ਮੰਨੂੰ' ਦੋ ਸੇਰ ਜੰਞੂ ਰੋਜ਼ ਉਤਾਰਿਆ ਕਰਦਾ ਸੀ।

ਮਜ਼ਮੂਨ ਲੰਮਾ ਹੋ ਰਿਹਾ ਹੈ। ਮੈਂ ਤੁਹਾਡੇ ਸਾਮ੍ਹਣੇ ਮੀਰ ਮੰਨੂੰ ਦੇ ਅਹਿਦ ਦੀ ਇਕ ਘਟਨਾ ਰੱਖਣੀ ਹੈ।

ਮੰਨੂੰ ਬੈਠਾ ਹੈ ਤਖ਼ਤ 'ਤੇ। ਉਹਨੇ ਗਸ਼ਤੀ ਫ਼ੌਜਾਂ ਸਿੱਖਾਂ ਦੀ ਭਾਲ ਵਿਚ ਚਾੜ੍ਹ ਦਿੱਤੀਆਂ। ਭਲਾ ਸਿੰਘਾਂ ਦੀ ਤੇਗ਼ ਦੇ ਸਾਮ੍ਹਣੇ ਠਹਿਰੇ ਕੌਣ?

ਵਾਰ

ਸੂਬਾ ਹੋਇਕੇ ਲਾਹੌਰ ਦਾ ਮੰਨੂੰ ਨੇ
ਤੇਗ਼ ਜ਼ੁਲਮ ਵਾਲੀ ਸਿੱਖਾਂ 'ਤੇ ਉਠਾਈ

ਕੇਈ ਵਾਰ ਨਾਮ ਸਿੱਖਾਂ ਦਾ ਮਿਟਾਉਣ ਨੂੰ
ਗਸ਼ਤੀ ਫ਼ੌਜ ਵਿਚ ਦੇਸ਼ ਦੇ ਚੜ੍ਹਾਈ
ਕੇਈ ਵਾਰ ਸਿੱਖਾਂ ਨਾਲ ਆਹਮੋ ਸਾਮ੍ਹਣੇ
ਤੇਗ ਆਪਣੀ ਮੰਨੂੰ ਅਜ਼ਮਾਈ
ਐਪਰ ਝੱਲੇ ਕੌਣ ਝਾਲ, 'ਸ੍ਰੀ ਸਾਹਿਬ' ਦੀ
ਗਈ ਪੇਸ਼ ਨਾ ਤੁਰਕ ਦੀ ਕਾਈ
ਜਦੋਂ ਸਿੰਘਾਂ ਨਾਲ ਚਾਰਾ ਕੋਈ ਨਾ ਚੱਲਿਆ
ਚਾਹੁੰਦਾ ਹੋਰ ਕਰਤੂਤ ਕਮਾਈ
ਮਾਰੀ ਮੱਤ ਹੰਕਾਰ ਨੇ ਸੀਤਲਾ
ਮਨੋ ਵਿੱਸਰੀ ਖ਼ੁਦਾ ਦੀ ਖ਼ੁਦਾਈ

ਜਦ ਮੰਨੂੰ ਨੇ ਵੇਖਿਆ, ਕਿ ਸਿੰਘਾਂ ਦਾ ਮੈਦਾਨ ਵਿਚ ਟਾਕਰਾ ਕਰਨਾ ਐਨਾ ਸੌਖਾ ਨਹੀਂ, ਜਿੰਨਾ ਸਮਝਿਆ ਸੀ, ਤਾਂ ਇਹ ਕਾਇਰਾਂ ਵਾਲੀ ਦਲੀਲ ਸੁੱਝੀ, ਕਿ ਜਿਸ ਬਾਗ਼ ਨੂੰ ਤਬਾਹ ਕਰਨਾ ਹੋਵੇ, ਉਸਦੀ ਪਨੀਰੀ ਖ਼ਤਮ ਕਰ ਦਿਓ। ਸਿੰਘਾਂ ਦੇ ਟਾਕਰੇ ਨਾਲੋਂ ਚੰਗਾ ਹੈ, ਕਿ ਉਹਨਾਂ ਦੇ ਬਾਲ ਬੱਚਿਆਂ ਦਾ ਸ਼ਕਾਰ ਕੀਤਾ ਜਾਵੇ।......

ਸਾਕਾ

ਸਿੰਘਾਂ ਤੋਂ ਖਾ ਹਾਰ ਜਾਂ, ਫ਼ੌਜਾਂ ਮੁੜ ਆਈਆਂ
ਫੇਰ ਦਬਾਰਾ ਚਾੜ੍ਹੀਆਂ, ਕਰਕੇ ਤਕੜਾਈਆਂ
ਮੁੱਲਾਂ ਪੁਰ ਦੇ ਕੋਲ ਜਾ ਉਨ੍ਹਾਂ ਚੌਕੀਆਂ ਪਾਈਆਂ
ਮੰਨੂੰ, ਮੋਮਨ ਖ਼ਾਨ ਨੇ ਬਹੁ ਅੱਤਾਂ ਚਾਈਆਂ
ਸਿੰਘਾਂ ਦੇ ਘਰ ਲੁੱਟ ਲਏ ਕਰ ਖ਼ੂਬ ਸਫ਼ਾਈਆਂ
ਬਾਲ ਬੱਚੇ ਤੇ ਸਿੰਘਣੀਆਂ ਸਭ ਫੜ ਮੰਗਵਾਈਆਂ

ਪੰਜਾਬ ਦੇ ਕਈ ਹਿੱਸਿਆਂ (ਖ਼ਾਸ ਕਰ ਮੁੱਲਾਂ ਪੁਰ ਦਾ ਇਲਾਕਾ) ਵਿਚੋਂ ਬਿਰਧ ਸਿੰਘ, ਮਾਸੂਮ ਬੱਚੇ ਤੇ ਸਿੰਘਣੀਆਂ ਗ੍ਰਿਫ਼ਤਾਰ ਕਰ ਕੇ ਲਾਹੌਰ ਨੂੰ ਰਵਾਨਾ ਕਰ ਦਿੱਤੀਆਂ। ਏਸ ਜ਼ੁਲਮ ਵਿਚ ਮੰਨੂੰ ਦੇ ਨਾਇਬ ਮੋਮਨ ਖ਼ਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਤੱਕੋ! ਬੇਗੁਨਾਹ ਢੱਕਾਂ ਲਾਹੌਰ ਨੂੰ ਜਾ ਰਹੀਆਂ ਹਨ।

ਪੂਰਨ

ਬਾਲ ਬੱਚੇ ਤੇ ਸਿੰਘਣੀਆਂ ਬੰਨ੍ਹ ਕੇ
ਢੱਕਾਂ ਤੋਰੀਆਂ ਲਾਹੌਰ ਦੇ ਦੱਸ
ਤੇਗ਼ ਜ਼ੁਲਮ ਦੀ ਸੀ ਹੱਥ ਜਰਵਾਣਿਆਂ
ਬੇਗੁਨਾਹਾਂ ਉਤੇ ਰਹੇ ਸੀ ਅਜ਼ਮੱਸ
ਰਾਜ ਮਿਲਿਆ ਸੀ ਅਦਲ ਕਮਾਉਣ ਨੂੰ
ਉਹਨਾਂ ਦਿੱਤਾ ਇਨਸਾਫ਼ ਭੁਲੱਸ
ਮੰਨੂੰ ਫੜਕੇ ਕਈ ਸਤਵੰਤੀਆਂ
ਤੇਗ਼ ਜ਼ੁਲਮ ਦੀ ਦੇ ਅੱਗੇ ਲਈਆਂ ਲੱਸ
ਕੈਦ ਕੀਤੀਆਂ ਲਾਹੌਰ ਵਿਚ ਆਣ ਕੇ
ਫਾਹੀਆਂ ਦੁੱਖਾਂ ਦੀਆਂ ਦਿੱਤੀਆਂ ਨੇ ਪਾ
'ਸੀਤਲ' ਕਦੋਂ ਕੋਈ ਘੱਟ ਹੈ ਗੁਜ਼ਾਰਦਾ
ਜੀਹਨੂੰ ਜ਼ੋਰ ਦੇਵੇ ਵਾਹਿਗੁਰੂ-ਖ਼ੁਦਾ

ਜੇਠ ਦੇ ਦਿਨ, ਕਹਿਰਾਂ ਦੀ ਗਰਮੀ, ਲਾਹੌਰ ਸ਼ਹਿਰ ਵਿਚ ਲੋਕ ਬਿਜਲੀ ਦੇ ਪੱਖਿਆਂ ਹੇਠ ਬੈਠੇ ਵੀ ਤੜਪ ਰਹੇ ਹਨ। ਅਜੇਹਾ ਹੀ ਜੇਠ ਸੀ, ਜਦ ਇਕ ਤੰਗ ਜੇਹੇ ਬੰਦੀ-ਖ਼ਾਨੇ (ਭੋਹਰੇ) ਵਿਚ ਕੁਝ ਧਰਮ-ਮੂਰਤੀ ਅਣਖੀ ਦੇਵੀਆਂ ਬੰਦ ਸਨ। ਇਕ ਪਾਸੇ ਤਾਂ ਮਨ ਭਰਮਾਉਣ ਖ਼ਾਤਰ ਸਬਜ਼ ਬਾਗ਼ ਵਿਖਾਏ ਜਾਂਦੇ ਸਨ, ਤੇ ਇਕ ਪਾਸੇ ਸਿਦਕ ਪਰਖਣ ਵਾਸਤੇ ਕਈ ਤਸੀਹੇ ਦਿੱਤੇ ਜਾਂਦੇ। ਰੋਜ਼ ਇਕ ਪਿਆਲਾ ਪਾਣੀ ਤੇ ਸਵਾ ਛਟਾਂਕ ਜਵਾਂ ਦਾ ਆਟਾ (ਵਿਚ ਅੱਧਾ ਨਮਕ) ਇਕ ਕੈਦਣ ਨੂੰ ਮਿਲਦਾ। ਮੁਸ਼ੱਕਤ ਸਵਾ ਮਣ (ਵੀਹ ਸੇਰ ਪੱਕੇ) ਦਾਣੇ ਪੀਸਣ ਵਾਸਤੇ ਦਿੱਤੇ ਜਾਂਦੇ। ਜੋ ਨਾ ਪੀਹ ਸਕਦੀ, ਉਸ ਦੀ ਛਾਤੀ 'ਤੇ ਸਵਾ ਦੋ ਮਣ ਪੱਕੇ ਦਾ ਪੱਥਰ ਦਾ ਗੋਲਾ ਰਖਿਆ ਜਾਂਦਾ ਤੇ ਚਾਬਕਾਂ ਦੀ ਮਾਰ ਕੀਤੀ ਜਾਂਦੀ। ਗੋਦੀਆਂ ਵਿਚ ਭੁੱਖੇ ਬਾਲ ਵਿਲਕਦੇ। ਜਦ ਮਾਂ ਦਾ ਪੇਟ ਨਾ ਭਰੇ ਬਾਲ ਵਾਸਤੇ ਛਾਤੀਆਂ ਵਿਚੋਂ ਅੰਮ੍ਰਿਤ ਕਿੱਥੋਂ ਆਵੇ? ਪਰ ਸ਼ਾਬਾਸ਼ ਹੈ ਸਾਹਿਬ ਦੇਵਾਂ ਜੀ ਦੀਆਂ ਲਾਡਲੀਆਂ ਦੇ। ਵੇਖੋ, ਕਿਸ ਸਿਦਕ ਨਾਲ ਤਸੀਹੇ ਸਹਾਰ ਰਹੀਆਂ ਹਨ।

ਛੰਦ-ਡਿਉਢ

ਗੁਰੂ ਘਰ ਦੀਆਂ ਸਿਦਕੀ ਦੁਲਾਰੀਆਂ
ਮੰਨੂੰ ਕੈਦ ਕੀਤੀਆਂ
ਝੱਲੇ ਜੋ ਤਸੀਹੇ ਸਿਰ 'ਤੇ ਵਿਚਾਰੀਆਂ
ਦੱਸਾਂ ਕੀ ਕੀ ਬੀਤੀਆਂ
ਬਿਨਾਂ ਤਕਸੀਰ ਜੇਲ੍ਹ ਵਿਚ ਡੱਕੀਆਂ
ਇਨਸਾਫ਼ ਸ਼ਾਹੀ ਦਾ
ਦੁੱਖਾਂ ਵਿਚ ਬੈਠ ਪੀਂਹਦੀਆਂ ਨੇ ਚੱਕੀਆਂ
ਭਾਣਾ ਇਹ ਇਲਾਹੀ ਦਾ
ਸਵਾ ਸਵਾ ਮਣ ਦਾਣੇ ਇਕ ਪੀਹੇ ਜੀ
ਹੁਕਮ ਚੰਡਾਲ ਦਾ
ਵਾਸਤੇ ਧਰਮ ਝੱਲਣ ਤਸੀਹੇ ਜੀ
ਭਾਣਾ ਜੋ ਅਕਾਲ ਦਾ
ਪਾਣੀ ਦੇ ਪਿਆਲੇ ਜਵਾਂ ਦੇ ਅਹਾਰ 'ਤੇ
ਰਾਤਾਂ ਨੇ ਗੁਜ਼ਾਰੀਆਂ
ਰੱਖ ਕੇ ਭਰੋਸਾ ਇਕ ਕਰਤਾਰ 'ਤੇ
ਗੁਰੂ ਦੀ ਦੁਲਾਰੀਆਂ
ਭੁੱਖੀਆਂ ਤਿਹਾਈਆਂ ਤਕਲੀਫ਼ਾਂ ਝੱਲੀਆਂ
'ਹਾਇ' ਨਾ ਉਚਾਰਿਆ
ਸਿਦਕ ਭਰੋਸਿਓਂ ਨਾ ਮੂਲ ਹੱਲੀਆਂ
ਕਸ਼ਟ ਸਹਾਰਿਆ
ਭਾਗ ਲਾਇਆ ਸਾਹਿਬ ਦੇਵਾਂ ਜੀ ਦੀ ਕੁੱਖ ਨੂੰ
ਸਫਲ ਬਣਾਈ ਜੀ
ਧਰਮੀ ਕੀ ਜਾਣਦੇ ਭਲਾ ਜੀ ਦੁੱਖ ਨੂੰ
'ਸੀਤਲ' ਸੁਣਾਈ ਜੀ

ਕੋਈ ਤਸੀਹੇ ਉਹਨਾਂ ਦੇਵੀਆਂ ਨੂੰ ਦਿੱਤੇ ਗਏ, ਪਰ ਉਹ ਬੀਰੰਗਣਾਂ ਆਪਣੇ ਧਰਮ 'ਤੇ ਕਾਇਮ ਰਹੀਆਂ। ਕੋਈ ਦਿਨਾਂ ਪਿਛੋਂ ਜ਼ੁਲਮ ਦੀ ਕਚਹਿਰੀ

ਵਿਚੋਂ ਸੱਦਾ ਆਇਆ। ਸੂਬੇ ਨੇ ਉਹਨਾਂ ਨੂੰ ਪਰਖਣਾ ਚਾਹਿਆ। ਸੋ 'ਨਖ਼ਾਸ ਚੌਕ' ਕਚਹਿਰੀ ਵਿਚ ਹਾਜ਼ਰ ਕੀਤੀਆਂ ਗਈਆਂ।

ਮਿਰਜ਼ਾ

ਇਕ ਰੋਜ਼ ਸਿੰਘਣੀਆਂ ਨੂੰ ਮੰਨੂੰ ਨੇ
ਭਰੇ ਵਿਚ ਦਰਬਾਰ ਮੰਗਾਇਆ
ਪੇਸ਼ ਕੀਤੀਆਂ ਸਿਪਾਹੀਆਂ ਜਦੋਂ ਆਣਕੇ
ਉਹਨਾਂ ਗੱਜ ਜੈਕਾਰਾ ਬੁਲਾਇਆ
ਫ਼ਤਹਿ ਵਾਹਿਗੁਰੂ ਦੀ ਬੋਲੀਆਂ ਗੱਜ ਕੇ
ਡਰ ਮੌਤ ਤੋਂ ਨਾ ਧਰਮ ਭੁਲਾਇਆ
ਸੂਬਾ ਸੜ ਬਲ ਕੋਇਲੇ ਹੋ ਗਿਆ
ਬੜੇ ਰੋਹ ਵਿਚ ਆਖ ਸੁਣਾਇਆ
ਛੱਡੋ ਕੁਫ਼ਰ, ਇਸਲਾਮ ਕਬੂਲ ਲਓ
ਮੈਨੂੰ ਤਰਸ ਤੁਸਾਂ 'ਤੇ ਆਇਆ
ਬਣੋ ਬੇਗਮਾਂ, ਵੱਸੋ ਘਰ ਖ਼ਾਨਾਂ ਦੇ
ਕਾਹਨੂੰ ਜਨਮ ਦੁੱਖਾਂ ਵਿਚ ਪਾਇਆ
ਨਹੀਂ ਤਾਂ ਸ਼ਰ੍ਹਾ ਦੀ ਛੁਰੀ ਨਾਲ ਕੱਲ੍ਹ ਨੂੰ
ਜਾਊ ਧੜ ਤੋਂ ਸੀਸ ਉਡਾਇਆ
ਮੇਰੇ ਪੰਜੇ 'ਚੋਂ ਕਿਸੇ ਨੂੰ ਕਦੇ 'ਸੀਤਲਾ'
ਨਹੀਂਗਾ ਰੱਬ ਨੇ ਵੀ ਆਣ ਕੇ ਛੁਡਾਇਆ

ਕਚਹਿਰੀ ਵਿਚ ਸਨਮੁਖ ਹੁੰਦਿਆਂ ਹੀ ਉਹਨਾਂ ਦੇਵੀਆਂ ਨੇ ਗੱਜ ਕੇ ਫ਼ਤਹਿ ਬੁਲਾਈ। ਸੁਣ ਕੇ ਸੂਬੇ ਦੇ ਪੰਜ-ਕੱਪੜੀਂ ਅੱਗ ਲੱਗ ਉਠੀ। ਉਹ ਲਾਲ ਪੀਲਾ ਹੋਇਆ ਤੇ ਬੜਾ ਧਮਕਾਇਆ। ਜ਼ੁਲਮ ਦੀ ਚਮਕਦੀ ਤਲਵਾਰ ਵਿਖਾ ਕੇ ਉਹਨੇ ਕਿਹਾ, "ਮੌਤ ਦੇ ਸਾਮ੍ਹਣੇ ਅੱਜ ਤਕ ਕੋਈ ਨਹੀਂ ਟਿਕਿਆ। ਕੀ ਤੁਸੀਂ ਜਾਣਦੀਆਂ ਨਹੀਂ, ਕਿ ਇਕ ਵਾਰ ਇਸਲਾਮ ਤੋਂ ਨਾਂਹ ਕਰਨ ਦਾ ਸਿੱਟਾ ਕੀ ਹੋਵੇਗਾ?"

ਸੁਣ ਸਮਝ ਕੇ, ਸਿੰਘਣੀਆਂ ਨੇ ਇਉਂ ਜਵਾਬ ਦਿੱਤਾ :

ਬੈਂਤ

ਸ਼ੇਰ ਬੱਚੀਆਂ ਮੋੜ ਜਵਾਬ ਦਿੱਤਾ
ਸਾਨੂੰ ਰੋਜ਼ ਨਾ ਪਿਆ ਅਕੱਾਂ ਸੂਬੇ
ਸਾਨੂੰ ਨਹੀਂ ਕਬੂਲ ਇਸਲਾਮ ਤੇਰਾ
ਭਾਵੇਂ ਜਾਨ ਤੋਂ ਮਾਰ ਮੁਕੱਾਂ ਸੂਬੇ
ਜਿਹੜੀ ਜ਼ੁਲਮ ਦੀ ਤੇਗ਼ ਹੈ ਹੱਥ ਤੇਰੇ
ਬੇਗੁਨਾਹ 'ਤੇ ਵੇਖ ਅਜ਼ਮੱਾਂ ਸੂਬੇ
ਸਖ਼ਤ ਕਾਰ ਦੇ, ਭੁੱਖਿਆਂ ਰੱਖਿਆ ਈ
ਬੱਚੇ ਵੱਟ ਨਾਲ ਮਰੇ ਧਸੱਾਂ ਸੂਬੇ
ਜਿਹੜੀ ਹੋਰ ਤੈਥੋਂ ਪੁੱਜੇ ਹੋਰ ਕਰ ਲੈ
ਨਾ ਖਾ ਤਰਸ, ਅਹਿਸਾਨ ਚੜ੍ਹੱਾਂ ਸੂਬੇ
'ਸੀਤਲ' ਕਦੇ ਤਾਂ ਹੋਊ ਇਨਸਾਫ਼ ਆਖ਼ਰ
ਤੈਨੂੰ ਪੁੱਛੇਗਾ ਸੱਚਾ ਖ਼ੁਦਾ, ਸੂਬੇ

ਆਪ ਤੋਂ ਮਾੜੇ, ਆਪਣੇ ਦੁਸ਼ਮਣ ਤੇ ਫਿਰ ਕਾਬੂ ਆਏ ਤੋਂ 'ਨਾਂਹ' ਸੁਣ ਕੇ, ਕੋਈ ਜਿਗਰੇ ਵਾਲਾ ਹੀ ਸਹਾਰ ਸਕਦਾ ਹੈ। ਮੰਨੂੰ ਵਿਚ ਇਹ ਹੌਸਲਾ ਕਿੱਥੇ? ਤੇ ਜੇ ਸੁਣ ਕੇ ਸਹਾਰ ਸਕੇ, ਤਾਂ ਜ਼ਾਲਮ ਕੀ ਹੋਇਆ? ਉਹਨੇ ਕਹਿਰ ਵਿਚ ਪਰਖ ਦਾ ਹੁਕਮ ਦੇ ਦਿਤਾ।

ਵਾਰ

ਮੰਨੂੰ ਸੜ ਬਲ ਕੋਇਲੇ ਹੋ ਗਿਆ
ਲਹੂ ਅੱਖੀਆਂ ਦੇ ਵਿਚ ਗਿਆ ਆ
ਓਸੇ ਵਕਤ ਜਲਾਦ ਬੁਲਾਇਕੇ
ਦਿਤਾ ਕਹਿਰ ਵਿਚ ਹੁਕਮ ਸੁਣੱਾ
"ਓ ਮੈਂ ਸਿਦਕ ਇਹਨਾਂ ਦਾ ਵੇਖ ਲਾਂ
ਡੰਡੇ ਲੋਹੇ ਦੇ ਤੂੰ ਲੈ ਆ ਖਾਂ ਤਪੱਾ
ਲਾ ਲਾ ਛਾਤੀਆਂ ਇਹਨਾਂ ਦੀਆਂ ਸਾੜ ਦਿਹ

ਜਿਥੋਂ ਰਹੀਆਂ ਨੇ ਇਹ ਦੁਧ ਚੁੰਘਾ
ਬੱਚੇ ਇਹਨਾਂ ਦੀਆਂ ਗੋਦੀਆਂ 'ਚੋਂ ਕੱਢ ਕੇ
ਉੱਤੇ ਨੇਜ਼ਿਆਂ ਦੇ ਟੰਗ ਕੇ ਵਿਖਾ
ਟੋਟੇ ਕਰ ਕੇ ਇਹਨਾਂ ਦੇ ਲਾਡਲੇ
ਫੇਰ ਇਹਨਾਂ ਦੀਆਂ ਝੋਲੀਆਂ 'ਚ ਪਾ
ਮੈਨੂੰ ਮੰਨੂੰ ਉਇ ਕਿਸੇ ਨਹੀਂ ਆਖਣਾ
ਲਿਆ ਇਹਨਾਂ ਨੂੰ ਜੇ ਦੀਨ ਨਾ ਮਨਾ
ਅੱਗੇ ਏਸੇ ਹੀ ਗੱਦੀ 'ਤੇ ਬੈਠ 'ਸੀਤਲਾ'
ਦਿੱਤੇ ਪੂਰਾਂ ਦੇ ਪੂਰ ਮੈਂ ਖਪਾ"

ਖ਼ੁਦਾ ਨੇ ਜ਼ਾਲਮ ਪੈਦਾ ਕੀਤੇ ਹਨ। ਇਹ ਵੀ ਉਹਦੀ ਕੁਦਰਤ ਹੈ, ਮਿਹਰ ਹੈ। ਜ਼ਾਲਮ ਨਾ ਹੁੰਦੇ, ਤਾਂ ਧਰਮੀਆਂ ਦੀ ਪਰਖ ਕੌਣ ਕਰਦਾ? ਤੇ ਜਦ ਪਰਖ ਨਾ ਹੁੰਦੀ, ਤਾਂ ਧਰਮੀ ਅਧਰਮੀ, ਕੱਚੇ ਪੱਕੇ ਦਾ ਫ਼ਰਕ ਕਿਵੇਂ ਹੁੰਦਾ? ਬੱਸ, ਸਾਰੇ ਧਰਮੀ ਤੇ ਸਾਰੇ ਸਿਦਕੀ ਅਖਵਾਉਂਦੇ।

ਜ਼ੁਲਮ ਕਰਨ ਵਾਲਿਆਂ ਦੀ ਗੱਲ ਛੱਡੋ, ਤੁਸੀਂ ਝੱਲਣ ਵਾਲਿਆਂ ਵੱਲੇ ਤੱਕੋ। ਮਾਂਵਾਂ ਦੀਆਂ ਗੋਦੀਆਂ ਵਿਚੋਂ ਬਾਲ ਖੋਹੁੰਦੇ, ਉਪਰ ਚਲਾਉਂਦੇ ਤੇ ਹੇਠਾਂ ਨੇਜ਼ਾ ਕਰ ਦੇਂਦੇ। ਨੇਜ਼ੇ ਵਿਚ ਪਰੁਚਿਆ ਬਾਲ, ਮਾਂ ਦੀ ਗੋਦੀ ਵਿਚ ਧਰ ਦੇਂਦੇ। ਮਾਤਾ ਦੀ ਗੋਦ, ਜੋ ਲਾਲ ਨੂੰ ਸੁੱਤਿਆਂ ਚਿਰ ਹੋ ਜਾਵੇ, ਤਾਂ ਛਾਤੀਆਂ ਵਿਚੋਂ ਅੰਮ੍ਰਿਤ ਸਿੰਮ ਕੇ ਤਰ ਹੋ ਜਾਂਦੀ ਹੈ, ਬੱਚੇ ਦੇ ਪਵਿੱਤਰ ਖ਼ੂਨ ਨਾਲ ਭਿੱਜ ਜਾਂਦੀ। ਦਿਲ ਹਿਲਾਊ ਨਜ਼ਾਰਾ ਇਹਨਾਂ ਸ਼ਬਦਾਂ ਵਿਚ ਤਕੋ :

ਗੱਡੀ

ਬੇਗੁਨਾਹਾਂ ਨੂੰ ਜਲਾਦਾਂ ਸੱਲਿਆ
ਸੂਬੇ ਦਾ ਹੁਕਮ ਸੁਣਕੇ
ਡੰਡੇ ਲੋਹੇ ਦੇ ਤਪਾ ਕੇ ਅੱਗ ਕਰਕੇ
ਛਾਤੀਆਂ 'ਤੇ ਲਾਏ ਜ਼ਾਲਮਾਂ
ਜਿੱਥੋਂ ਵਹਿੰਦੀਆਂ ਸੀ ਦੁੱਧ ਦੀਆਂ ਧਾਰਾਂ
ਖ਼ੂਨ ਦੇ ਫੁਹਾਰੇ ਚੱਲ ਪਏ

ਬਾਲ ਖੋਹ ਲਏ ਵਿਲਕਦੇ ਹਾਏ
ਮਾਂਵਾਂ ਦੀਆਂ ਗੋਦੀਆਂ 'ਚੋਂ
ਖੁੰਬਾਂ ਵਾਂਗਰਾਂ ਪਰੋਏ ਵਿਚ ਨੇਜ਼ਿਆਂ
ਦੁੱਖ ਕੀ ਕਸਾਈਆਂ ਨੂੰ
ਆਰਾ ਰੱਖ ਕੇ ਜਲਾਦਾਂ ਚੀਰੇ
ਟੋਟੇ ਕੀਤੇ ਬੱਚਿਆਂ ਦੇ
ਕਰ ਝੋਲੀਆਂ ਪੁਆ ਲਏ ਮਾਂਵਾਂ
ਭਾਣਾ ਮੰਨ ਸਤਿਗੁਰ ਦਾ
ਓਹਾ ਘੁੱਟ ਕੇ ਕਲੇਜੇ ਲਾ ਲਏ
ਧੰਨ ਜੇਰੇ ਧੰਨ 'ਸੀਤਲਾ'
ਬੱਸ ਰਹਿਣ ਦੇ, ਉ, ਨਾ ਕਰ ਵਿਰ੍ਹੜੇ
ਅੱਲੇ ਫੱਟ ਪਾਟ ਜਾਣਗੇ
ਦਿਲ ਮੂੰਹ ਨੂੰ ਉਛਲ ਕੇ ਆਵੇ
ਸੁਣ ਕੇ ਨਾ ਝੱਲੇ ਜਾਵੰਦੇ
ਮੁਕ ਗਿਆ ਏ ਅੱਖਾਂ 'ਚੋਂ ਪਾਣੀ
ਹੁਣ ਤਾਂ 'ਸੀਤਲ' ਜੀ
ਅੱਖੀਆਂ! ਅੱਖੀਆਂ!!
ਰੋਣੋ ਨਹੀਂ ਰਹਿੰਦੀਆਂ ਡੱਕ ਰਖੀਆਂ

ਖ਼ੂੰਨ ਵਿਚ ਸਦਾ ਦਿਲ ਭਿਜਦੇ ਹਨ, ਪੱਥਰ ਨਹੀਂ। ਜ਼ਾਲਮ ਦੀ ਛਾਤੀ ਵਿਚ ਕੁਦਰਤ ਨੇ ਦਿਲ ਦੀ ਥਾਂ ਪੱਥਰ, ਤੇ ਉਹ ਵੀ ਬੜਾ ਸਖ਼ਤ ਪੱਥਰ ਰੱਖਿਆ ਹੈ। ਜ਼ਮੀਨ ਅਸਮਾਨ ਕੰਬ ਗਏ, ਪਰ ਪਾਪੀ ਦਾ ਦਿਲ ਨਾ ਪਸੀਜਿਆ। ਓਧਰ ਸਿੱਖ ਦੇਵੀਆਂ ਇਹ ਸਾਰੇ ਅਤਿਆਚਾਰ "ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮ ਪਦਾਰਥ ਨਾਨਕ ਮਾਂਗੈ।" ਕਹਿੰਦੀਆਂ ਹੋਈਆਂ ਖਿੜੇ ਮੱਥੇ ਸਹਾਰ ਰਹੀਆਂ ਸਨ।

"ਹੈਂ? ਕੀ ਇਹ ਅਜੇ ਵੀ ਆਪਣੇ ਸਿਦਕ ਵਿਚ ਕਾਇਮ ਹਨ?" ਸੂਬੇ ਦੇ ਕਾਲਜੇ ਭਾਂਬੜ ਬਲ ਉੱਠੇ। ਜੋ ਕੁਝ ਹੋਇਆ, ਕਲਮ ਲਿਖ ਨਹੀਂ ਸਕਦੀ। ਬਾਲਾਂ ਦੇ ਕਲੇਜੇ ਕੱਢ ਕੇ ਮਾਂਵਾਂ ਦੇ ਮੂੰਹਾਂ ਵਿਚ ਦਿੱਤੇ ਗਏ। ਬੋਟੀਆਂ ਦੇ ਹਾਰ ਪਰੋ ਕੇ ਮਾਂਵਾਂ ਦੇ ਗਲਾਂ ਵਿਚ ਪਾਏ ਗਏ।

ਤਰਜ਼ : ਏਸ ਇਸ਼ਕ ਵਾਲੇ

ਨੈਣਾਂ ਸਾਹਵੇਂ ਬਾਲ ਕੁਹਾਏ, ਵੇਖੋ ਜੇਰੇ ਮਾਂਵਾਂ ਦੇ
ਬੱਚੇ ਖੋਹ ਗੋਦਾਂ 'ਚੋਂ ਲੀਤੇ
ਜ਼ਾਲਮ ਟੋਟੇ ਟੋਟੇ ਕੀਤੇ
ਗਲ ਵਿਚ ਹਾਰ ਪਰੋ ਕੇ ਪਾਏ, ਵੇਖੋ ਜੇਰੇ ਮਾਂਵਾਂ ਦੇ
ਨੈਣਾਂ ਸਾਹਵੇਂ ਬਾਲ ਕੁਹਾਏ, ਵੇਖੋ ਜੇਰੇ ਮਾਂਵਾਂ ਦੇ

ਇਨਸਾਨ ਹੀ ਨਹੀਂ, ਇਹ ਕਹਿਰ ਵੇਖ ਕੇ ਪਸ਼ੂ-ਪੰਛੀ ਵੀ ਰੋ ਪਏ। ਜੰਗਲ ਦੇ ਬਿਰਛ ਤੇ ਅੰਬਰ ਦੇ ਤਾਰੇ ਰੋਏ, ਜ਼ਮੀਨ, ਅਸਮਾਨ ਵੀ ਰੋਏ, ਪਰ ਨਾ ਰੋਈਆਂ, ਤਾਂ ਸ਼ਹੀਦ ਬੱਚਿਆਂ ਦੀਆਂ ਮਾਂਵਾਂ ਨਾ ਰੋਈਆਂ।

ਸੱਸੀ

ਰੁਕ ਜਾ ਵੇ ਦਰਦਾਂ ਦੇ ਹੰਝੂ
ਨੈਣਾਂ ਵਿਚ ਨਾ ਆਵੀਂ
ਦਿਲ ਦੀ ਅੱਗ ਰਹੇ ਦਿਲ ਅੰਦਰ
ਬਾਹਰ ਨਾ ਭੜਕਾਵੀਂ
ਬੱਚੇ ਵਾਂਗ ਮਾਊਂ ਦੀ ਗੋਦੀ
ਖ਼ਾਲੀ ਨਾ ਕਰ ਜਾਵੀਂ
'ਸੀਤਲ' ਮੇਰੀ ਸਿੱਖੀ ਤਾਈਂ
ਵੇਖੀਂ, ਲਾਜ ਨਾ ਲਾਵੀਂ

ਜਿਹੜੀ ਗੋਦੀ ਵਿਚ ਕਦੇ ਪਿਆਰ ਦਾ ਫੁੱਲ ਖਿੜ-ਖਿੜ ਹੱਸਦਾ ਸੀ, ਓਸੇ ਗੋਦੀ ਵਿਚ ਲਾਡਲੇ ਦੀ ਲੋਥ ਪਈ ਹੈ। ਜਿਸ ਤਰ੍ਹਾਂ ਕਦੇ ਖੇਡਦੀ ਸੱਧਰ ਨੂੰ ਮਾਂ ਲੋਰੀ ਦੇਂਦੀ ਸੀ, ਓਸੇ ਤਰ੍ਹਾਂ ਪੁੱਤਰ ਦੀ ਲੋਥ ਨੂੰ ਵੀ ਲੋਰੀ ਦੇ ਰਹੀ ਹੈ।

ਤਰਜ਼ : ਸ਼ੰਭੂ ਸ਼ੰਭੂ

ਸੌਂ ਜਾ ਮੇਰੇ ਲਾਲ, ਲੋਰੀ ਦੇਵੇ ਮਾਂਉਂ ਤੇਰੀ ਵੇ
ਸੀਨੇ ਨਾਲ ਲੱਗ ਪੁੱਤਾ, ਜਾਂਦੀ ਜਾਨ ਮੇਰੀ ਵੇ

ਛਾਤੀ ਨਾਲ ਲਾਵਾਂ ਤੈਨੂੰ, ਪੈਂਦੀਆਂ ਨੇ ਘੇਰਾਂ ਮੈਨੂੰ
ਕਾਲਜੇ ਦੇ ਵਿਚੋਂ ਲੰਬ ਨਿਕਲੇ ਉਚੇਰੀ ਵੇ
ਸੌਂ ਜਾ ਮੇਰੇ ਲਾਲ, ਲੋਰੀ ਦੇਵੇ ਮਾਂਉਂ ਤੇਰੀ ਵੇ
ਬੁੱਲ੍ਹੀਆਂ ਤਾਂ ਖੁਹਲ ਚੰਨਾ, ਦੁੱਧ ਚੜ੍ਹ ਆਇਆ ਮੈਨੂੰ
ਚੁੰਘ, ਬੱਚਾ, ਚੁੰਘ, ਜਾਨ ਹੋਈ ਹੈ ਉਖੇਰੀ ਵੇ
ਸੌਂ ਜਾ ਮੇਰੇ ਲਾਲ, ਲੋਰੀ ਦੇਵੇ ਮਾਂਉਂ ਤੇਰੀ ਵੇ
ਤੇਰੇ ਜਿਹਾਂ ਬੀਬਿਆਂ ਨੂੰ ਜ਼ਿਦ ਜੀਵੇਂ ਚਾਹੀਦੀ ਨਹੀਂ
ਬੋਲ, ਚੰਨਾ! ਬੋਲ ਮੇਰੇ ਨਾਲ ਇਕ ਵੇਰੀ ਵੇ
ਸੌਂ ਜਾ ਮੇਰੇ ਲਾਲ, ਲੋਰੀ ਦੇਵੇ ਮਾਂਉਂ ਤੇਰੀ ਵੇ
ਕਾਹਲੀ ਕਾਹਦੀ ਪੈ ਗਈਓ ਈ ਐਡੀ ਛੇਤੀ ਉਠ ਨੱਠੋਂ
ਪਾਇਕੇ ਮੁਸਾਫ਼ਰਾਂ ਦੇ ਵਾਂਗ ਜੱਗ ਫੇਰੀ ਵੇ
ਸੌਂ ਜਾ ਮੇਰੇ ਲਾਲ, ਲੋਰੀ ਦੇਵੇ ਮਾਂਉਂ ਤੇਰੀ ਵੇ
ਸੀਨੇ ਨਾਲ ਲੱਗ ਪੁੱਤਾ! ਜਾਂਦੀ ਜਾਨ ਮੇਰੀ ਵੇ

ਮਾਂ ਦਾ ਦਿਲ ਪਿਆਰ ਦਾ ਸੋਮਾ ਹੈ। ਮਾਂ ਤੰਦਰੁਸਤ ਤੇ ਸੋਹਣਿਆਂ ਬੱਚਿਆਂ ਨੂੰ ਪਿਆਰ ਕਰਦੀ ਹੈ, ਤਾਂ ਬੀਮਾਰ ਤੇ ਕਾਲਿਆਂ-ਕੋਝਿਆਂ ਨੂੰ ਵੀ ਕਰਦੀ ਹੈ। ਹਾਂ! ਹਾਂ!! ਮਾਂ ਦਾ ਪਿਆਰ ਅਮੁੱਕ ਹੈ। ਇਹ ਜਿਉਂਦਿਆਂ ਪੁੱਤਰਾਂ ਨੂੰ ਪਿਆਰ ਕਰਦੀ ਹੈ, ਤਾਂ ਸ਼ਹੀਦ ਹੋ ਚੁੱਕਿਆਂ ਨੂੰ ਵੀ ਓਨੇ ਹੀ ਲਾਡ ਲਡਾਉਂਦੀ ਹੈ।

ਬੈਂਤ

ਗੋਦੀ ਥਪਕ ਕੇ ਪੁੱਤ ਦੀ ਲੋਥ ਤਾਂਈਂ
ਮਾਂਉਂ ਕਿਹਾ, ਮੇਰੀ ਜਿੰਦ ਜਾਨ ਹੈਂ ਤੂੰ
ਮੇਰੇ ਲਾਡਲੇ! ਹੀਰਿਆ! ਲਾਲਾ! ਚੰਨਾ!
ਮੇਰੇ ਪ੍ਰਾਣ, ਤੇ ਸਿੱਖੀ ਦੀ ਸ਼ਾਨ ਹੈਂ ਤੂੰ
ਬੰਦ ਬੰਦੇ ਕਟਵਾਏ ਈ ਧਰਮ ਬਦਲੇ
'ਮਨੀ ਸਿੰਘ' ਜੇਹਾ ਸਿਦਕਵਾਨ ਹੈਂ ਤੂੰ
ਫ਼ਤਹਿ ਜ਼ੁਲਮ ਹੰਕਾਰ 'ਤੇ ਪਾਉਣ ਵਾਲਾ

'ਤਾਰਾ ਸਿੰਘ' ਦੇ ਵਾਂਗ ਬਲਵਾਨ ਹੈਂ ਤੂੰ
ਵੇਖ ਜ਼ੁਲਮ ਹਨ੍ਹੇਰੀ ਨੂੰ ਕੰਬਿਓਂ ਨਾ
ਤੇਰੇ ਵਿਚ ਸੀ ਸ਼ਾਇਦ 'ਜੁਝਾਰ' ਦਾ ਦਿਲ
ਤੇਰੇ ਸਿਦਕ ਨੂੰ ਵੇਖ ਕੇ ਡੋਲ ਗਿਆ
ਜ਼ੋਰਾਵਰਾਂ ਦੀ ਖ਼ੂੰਨੀ ਤਲਵਾਰ ਦਾ ਦਿਲ
ਸੌਂ ਜਾ ਮੇਰੀਏ ਸੱਧਰੇ ਲਾਲ ਮੇਰੇ
'ਬੋਤਾ ਸਿੰਘ' ਦਾ ਵੀਰ ਰਣਬੀਰ ਹੈਂ ਤੂੰ
ਤੂੰ ਹੈਂ ਰੂਹ 'ਸੁਬੇਗ' 'ਸ਼ਾਹਬਾਜ਼' ਸਿੰਘ ਦੀ
'ਤਾਰੂ ਸਿੰਘ' ਜੀ ਦਾ ਸਿਦਕੀ ਵੀਰ ਹੈਂ ਤੂੰ
ਵਾਰ ਜ਼ੁਲਮ ਤਲਵਾਰ ਦੇ ਸਹਿਣ ਵਾਲਾ
ਗੋਬਿੰਦ ਸਿੰਘ ਦਾ ਲਾਲ ਬਲਬੀਰ ਹੈਂ ਤੂੰ
ਮੇਰੇ ਨੇਤਰਾਂ ਦੀ ਜੋਤ ਖ਼ੂੰਨ ਮੇਰੇ
ਜਿਉਂਦੀ ਜਾਗਦੀ ਮੇਰੀ ਤਸਵੀਰ ਹੈਂ ਤੂੰ
ਮੇਰੇ ਸੱਧਰਾਂ ਦੇ ਫੁੱਲਾ! ਫੁੱਲ ਤੇਰੇ
ਕੱਲ੍ਹ ਨੂੰ ਨੀਂਆਂ ਦੇ ਹੇਠ ਦਬਾਏ ਜਾਸਨ
ਟੋਟੇ ਪੁੱਤਾਂ ਦੇ ਮਾਂਵਾਂ ਦੀਆਂ ਝੋਲੀਆਂ 'ਚੋਂ
ਖੁਹ ਕੇ 'ਸੀਤਲਾ' ਕਿਤੇ ਲੁਕਾਏ ਜਾਸਨ
ਸਿਦਕਵਾਨ ਸਿਦਕ ਨੂੰ ਕਿੱਥੋਂ ਤਕ ਨਿਭਾਂ ਜਾਂਦੇ ਹਨ।

ਧਰਮੀ ਮਾਂਵਾਂ ਤਾਂ ਨਾ ਡੋਲੀਆਂ, ਪਰ ਜ਼ਾਲਮ ਕੰਬ ਉਠਿਆ। ਸੂਬੇ ਨੇ ਕਿਹਾ, "ਇਹਨਾਂ ਨੂੰ ਭੋਹਰੇ ਵਿਚ ਬੰਦ ਕਰ ਦਿਓ, ਕਦੇ ਫੇਰ ਇਨਸਾਫ਼ ਕਰਾਂਗਾ। ਐਸ ਵੇਲੇ ਮੇਰੀ ਤਬੀਅਤ ਠੀਕ ਨਹੀਂ।"

ਸਿੰਘਾਂ ਨੂੰ ਏਸ ਜ਼ੁਲਮ ਦਾ ਪਤਾ ਲੱਗਾ, ਤਾਂ ਪੰਜਾਬ ਵਿਚ ਫੇਰ ਗੜਬੜ ਕਰਨ ਲੱਗ ਪਏ। ਸਿੰਘਾਂ ਦੀ ਖ਼ਬਰ ਪਾ ਕੇ ਮੀਰ ਮੰਨੂੰ ਆਪ ਉਹਨਾਂ ਨੂੰ ਫੜਨ ਵਾਸਤੇ ਚੜ੍ਹਿਆ। ਉਹਨੇ ਮੁੱਲਾਂ ਪੁਰ ਕੋਲ ਜਾ ਡੇਰੇ ਲਾਏ। ਇਲਾਕੇ ਵਿਚੋਂ ਸਿੰਘਾਂ ਦੇ ਬਾਲ ਬੱਚੇ ਫੜ ਕੇ ਕਤਲ ਕੀਤੇ ਗਏ। ਸਿੰਘਾਂ ਦਾ ਇਕ ਜਥਾ ਕਮਾਦ ਵਿਚ ਘੇਰਿਆ ਗਿਆ। ਬਾਹਰੋਂ ਮੀਰ ਮੰਨੂੰ ਦੀ ਫ਼ੌਜ ਤੇ ਅੰਦਰੋਂ ਸਿੰਘਾਂ ਨੇ ਗੋਲੀਆਂ ਚਲਾਈਆਂ, ਤਾਂ ਖੜਾਕ ਤੋਂ ਡਰ ਕੇ ਮੀਰ ਮੰਨੂੰ ਦਾ ਘੋੜਾ ਭੱਜ ਉਠਿਆ।

ਕਬਿੱਤ

ਫੇਰ ਮੰਨੂੰ ਭੋਹਰੇ ਵਿਚ ਡੱਕ ਕੇ ਬੇਦੋਸੀਆਂ ਨੂੰ
ਮਾਰ ਕੇ ਤੇ ਬੂਹੇ ਪਹਿਰੇ ਦਿੱਤੇ ਨੇ ਖਲ੍ਹਾਰ ਜੀ
ਹੋਏ ਅਸਵਾਰ ਲੈ ਕੇ ਨਾਲ ਕੁਛ ਫ਼ੌਜ ਪਾਪੀ
ਮੁੱਲਾਂ ਪੁਰ ਵੱਲ ਚੜ੍ਹ ਪਿਆ ਏ ਸ਼ਕਾਰ ਜੀ
ਖ਼ਾਲਸੇ ਦੀ ਫ਼ੌਜ ਲੁਕੀ ਹੋਈ ਸੀ ਕਮਾਦ ਵਿਚ
ਸੂਬੇ 'ਤੇ ਚਲਾਈ ਗੋਲੀ ਕਹਿਕੇ 'ਕਰਤਾਰ' ਜੀ
ਸੁਣ ਕੇ ਖੜਾਕ ਘੋੜਾ ਭੱਜਿਆ ਬੇਵੱਸ ਹੋ ਕੇ
ਭੱਜਿਆਂ ਨਾਂ ਮੌਤ ਜਾਣ ਦੇਂਦੀ ਹੈ, ਵਿਚਾਰ ਜੀ

'ਆਸਾਂ ਪਰਬਤ ਜੇਡੀਆਂ, ਮੌਤ ਤਣਾਵਾਂ ਦੇ ਹੇਠ।' ਮੀਰ ਮੰਨੂੰ ਦੇ ਦਿਲ ਦੀਆਂ ਦਿਲ ਵਿਚ ਰਹਿ ਗਈਆਂ। ਸਿੱਖਾਂ ਨੂੰ ਖ਼ਤਮ ਕਰਨ ਦਾ ਚੱਾ ਉਹਦਾ ਪੂਰਾ ਨਾ ਹੋਇਆ। ਡਰ ਕੇ ਭੱਜਿਆ ਘੋੜਾ ਉਸ ਤੋਂ ਸੰਭਾਲਿਆ ਨਾ ਗਿਆ। ਉਹ ਕਾਠੀ ਤੋਂ ਡਿੱਗ ਪਿਆ, ਪਰ ਇਕ ਪੈਰ ਰਕਾਬ ਵਿਚ ਹੀ ਅੜਿਆ ਰਹਿ ਗਿਆ। ਉਹ ਘੋੜੇ ਦੇ ਮਗਰ ਧੂਹੀਦਾ ਧੂਹੀਦਾ ਹੀ ਮਰ ਗਿਆ। ਉਹਦੀ ਫ਼ੌਜ ਦੀ ਕਈ ਮਹੀਨਿਆਂ ਦੀ ਤਨਖ਼ਾਹ ਰਹਿੰਦੀ ਸੀ। ਫ਼ੌਜ ਨੇ ਮੀਰ ਮੰਨੂੰ ਦੀ ਲੋਥ ਉੱਤੇ ਕਬਜ਼ਾ ਕਰ ਲਿਆ ਤੇ ਓਦੋਂ ਲੋਥ ਦਿੱਤੀ, ਜਦ ਮੁਰਾਦ ਬੇਗਮ ਕੋਲੋਂ ਤਨਖ਼ਾਹ ਪੂਰੀ ਕਰ ਲਈ*। ਜਿਵੇਂ ਪਾਪੀ ਦਾ ਮੁਰਦਾ ਖ਼ਰਾਬ ਹੋਇਆ, ਸੁਣੋ :-

ਛੰਦ-ਡਿਉਢ

ਚੱਲਿਆ ਏ ਮੰਨੂੰ ਘੋੜੇ ਨੂੰ ਭਜਾਇਕੇ
ਡਰਦਾ ਲਾਹੌਰ ਨੂੰ
ਮਾਰਿਆ ਏ ਜਮਾਂ ਭੁੰਵੇਂ ਪਟਕਾਇਕੇ
ਉਡਦੇ ਜਨੌਰ ਨੂੰ
ਕੀਤਿਆਂ ਗੁਨਾਹਾਂ ਆਣ ਧੌਣੋਂ ਫੜਿਆ
ਪਾਪੀ ਬੇਈਮਾਨ ਨੂੰ

---

* **ਪੂਰਾ ਵੇਰਵਾ ਵੇਖੋ 'ਸਿੱਖ ਰਾਜ ਕਿਵੇਂ ਬਣਿਆ?' ਵਿਚ।**

ਮੌਤ ਵਾਲਾ ਜੂਤ ਜਮਾਂ ਸਿਰ ਜੜਿਆ
ਆਣ ਬਣੀ ਜਾਨ ਨੂੰ
ਇਕ ਪੈਰ ਰਹਿ ਗਿਆ ਰਕਾਬ ਵਿਚ ਜੀ
ਘੋੜਿਓਂ ਜਾਂ ਡਿਗਿਆ
ਵੱਜ ਵੱਜ ਰੁੱਖਾਂ ਨਾਲ ਹੋਇਆ ਜਿੱਚ ਜੀ
ਤਦੋਂ ਰੋਣ ਲੱਗਿਆ
ਥੱਕ ਗਿਆ ਘੋੜਾ ਜ਼ੋਰੀਂ ਭੱਜ ਭੱਜ ਕੇ
ਡੇਰੇ ਪੁਜਾ ਜਾਇਕੇ
ਚੂਰ ਹੋਇਆ ਮੰਨੂੰ ਸੱਟਾਂ ਵੱਜ ਵੱਜ ਕੇ
ਮੋਇਆ ਦੁੱਖ ਪਾਇਕੇ
ਮੋਇਆ ਵੇਖ 'ਮੰਨੂੰ' ਖ਼ੁਸ਼ੀਆਂ ਮਨਾਵੰਦੇ
ਸਭ ਨਰ ਨਾਰੀਆਂ
ਫ਼ੌਜ ਦੇ ਸਿਪਾਹੀ ਲੋਥ ਨੂੰ ਲੁਕਾਵੰਦੇ
ਬਣੀਆਂ ਲਾਚਾਰੀਆਂ
ਰਹਿੰਦੀ ਸੀ ਤਲਬ ਫ਼ੌਜ ਦੀ ਛੇਮਾਹੀਂ ਦੀ
ਮੰਨੂੰ ਨਹੀਂ ਸੀ ਤਾਰਦਾ
ਉਹਦੇ ਵਿਚ ਲੋਥ ਰੁਲਦੀ ਗੁਨਾਹੀਂ ਦੀ
ਰੰਗ ਕਰਤਾਰ ਦਾ
ਪੰਜ ਦਿਨ ਹੋਇਆ ਮੁਰਦਾ ਖ਼ਰਾਬ ਜੀ
ਵਿਚ ਕੀੜੇ ਚੱਲ ਗਏ
ਆਪਣੇ ਪਰਾਏ ਦੇ ਗਏ ਜਵਾਬ ਜੀ
ਵੇਖ ਦਿਲ ਹੱਲ ਗਏ
ਮੰਨੂ ਦੀ ਸੁਆਣੀ ਰੋਇਕੇ ਪੁਕਾਰਦੀ
'ਹਾਇ ਪਤੀ ਮੇਰਿਆ'
ਚੁੱਕ ਕੇ ਦੁਹੱਥੜ ਪੱਟਾਂ 'ਤੇ ਮਾਰਦੀ
'ਕਾਹਨੂੰ ਮੁਖ ਫੇਰਿਆ'
ਬੇੜਾ ਮੇਰਾ ਮੇਰੀ ਕੀਤੀਆਂ ਨੇ ਡੁੱਬਿਆ

ਕਿਸੇ ਸਿਰ ਦੋਸ਼ ਨਾ
ਜ਼ੋਰ ਤੇ ਹਕੂਮਤਾਂ ਦਾ ਮਾਣ ਟੁੱਟਿਆ
ਅੱਜ ਰਹੀ ਹੋਸ਼ ਨਾ
ਮੰਨੇ ਕੋਈ ਅੱਜ ਨਾ ਪਤੀ ਜੀ ਮੇਰੀ ਵੇ
ਮੈਂ ਦੁਹਾਈ ਦੇਂਦੀਆਂ
ਵਾਂਗਰਾਂ ਨਿਥਾਂਵੇਂ ਰੁਲੇ ਲੋਥ ਤੇਰੀ ਵੇ
ਮੈਨੂੰ ਘੇਰਾਂ ਪੈਂਦੀਆਂ
ਅੱਜ ਕੋਈ ਸੁਣੇ ਮੇਰੀ ਫ਼ਰਿਆਦ ਨਾ
ਸੜੇ ਲੇਖ ਮੇਰੇ ਵੇ
ਮੇਰੇ ਜੇਹਾ ਹੋਰ ਕੋਈ ਨਾ-ਮੁਰਾਦ ਨਾ
ਲੱਗੀ ਲੜ ਤੇਰੇ ਵੇ'
ਪਿੱਟ ਪਿੱਟ ਬੇਗਮ ਬੇਹਾਲ ਹੋਈ ਜੀ
ਕੋਈ ਨਾ ਆਖੇ ਲੱਗਦਾ
'ਪੈਸਿਆਂ ਦਾ ਰੁੱਠਾ ਗੱਲੀਂ ਮੰਨੇ ਕੋਈ ਜੀ'
ਹੈ ਅਖਾਣ ਜੱਗ ਦਾ
ਬੇਗਮ ਹੈ ਗੱਲ ਦਿਲ 'ਚ ਵਿਚਾਰਦੀ
ਪਤੀ ਦੇ ਛੁਡਾਣ ਦੀ
ਵੇਚ ਗਹਿਣੇ ਆਪਣੇ ਛਿਮਾਹੀਂ ਤਾਰਦੀ
ਲੈਂਦੀ ਲੋਥ ਖ਼ਾਨ ਦੀ
ਫੇਰ ਜਾ ਕੇ ਮੰਨੂੰ ਗਿਆ ਦਫ਼ਨਾਇਆ ਜੀ
ਚੰਦਰਾ ਚੰਡਾਲ ਹੈ
'ਸੀਤਲ' ਗ਼ਰੀਬਾਂ ਨੂੰ ਜਿਨ੍ਹਾਂ ਦੁਖਾਇਆ ਜੀ
ਹੁੰਦਾ ਏਹਾ ਹਾਲ ਹੈ

ਏਧਰ 'ਮੰਨੂੰ' ਦੀ ਲੋਥ ਰੁਲ ਰਹੀ ਸੀ, ਓਧਰ ਸਿੰਘਾਂ ਨੇ ਕੈਦ ਖ਼ਾਨੇ (ਭੋਰ੍ਹੇ) ਨੂੰ ਪਿੱਛੋਂ ਪਾੜ ਮਾਰ ਕੇ ਸਿੰਘਣੀਆਂ ਨੂੰ ਆਜ਼ਾਦ ਕਰਾ ਲਿਆ ਤੇ ਉਹਨਾਂ ਨੂੰ ਘਰੋ-ਘਰੀ ਪੁਚਾ ਦਿੱਤਾ।

ਕਲੀ

ਏਧਰ ਰੁਲਦੀ ਸੀ ਪਈ ਲੋਥ ਜਦ ਮੰਨੂੰ ਦੀ
ਓਧਰ ਸਿੰਘਾਂ ਦੇ ਦਲ ਕੀਤੀਆਂ ਚੜ੍ਹਾਈਆਂ
ਕਤਲ ਗੜ੍ਹੀ 'ਤੇ ਹੱਲਾ ਬੋਲਿਆ ਸ਼ੇਰਾਂ ਨੇ
ਸੰਨ੍ਹਾਂ ਮਾਰ ਪਿੱਛੋਂ ਕੰਧਾਂ ਨੇ ਢਾਹੀਆਂ
ਕੈਦ ਸਿੰਘਣੀਆਂ ਸੀ ਅੰਦਰ ਜੋ ਭੁਹਰੇ
ਅੱਪੜ ਸੂਰਮਿਆਂ ਨੇ ਬੰਦਾਂ ਛੁਡਵਾਈਆਂ
ਹੋ ਅਜ਼ਾਦ ਤੁਰੀਆਂ ਨਾਲ ਭਰਾਵਾਂ ਦੇ
ਗਲੋਂ ਗ਼ੁਲਾਮੀ ਵਾਲੀਆਂ ਫਾਹੀਆਂ ਨੇ ਲਾਹੀਆਂ
ਪੁੱਛ ਪੁੱਛ ਨਾਮ ਪਤੇ ਸਭ, ਸਿੰਘਣੀਆਂ ਸਾਰੀਆਂ
ਘਰੋ ਘਰੀ ਸਭ ਆਦਰ ਨਾਲ ਪੁਚਾਈਆਂ
ਰਹਿੰਦੀ ਦੁਨੀਆਂ ਤੀਕਰ ਜਿਉਂਦੇ ਨੇ 'ਸੀਤਲ' ਜੀ
ਜਿੰਨ੍ਹਾਂ ਕੀਤੀਆਂ ਜੱਗ ਵਿਚ ਨੇਕ ਕਮਾਈਆਂ

ਮੈਨੂੰ ਕਿਸੇ ਉਰਦੂ ਸ਼ਾਇਰ ਦਾ ਬਹੁਤ ਸੋਹਣਾ ਸ਼ਿਅਰ ਯਾਦ ਆਇਆ ਹੈ: 'ਸ਼ਹੀਦੋਂ ਕੀ ਚਿਤਾਉਂ ਪਹਿ ਲਗੇਂਗੇ ਹਰ ਬਰਸ ਮੇਲੇ, ਵਤਨ ਪਹਿ ਮਿਟਨੇ ਵਾਲੋਂ ਕਾ ਯਿਹੀ ਬਾਕੀ ਨਸ਼ਾਂ ਹੋਗਾ।' ਜਦੋਂ ੧੯੩੫ ਈ. ਵਿਚ ਪੁਰਾਣੀ ਇਮਾਰਤ 'ਸ਼ਹੀਦ ਗੰਜ' ਗਿਰਾ ਕੇ ਨਵੀਂ ਚਾਰ ਦੀਵਾਰੀ ਉਸਾਰੀ ਜਾ ਰਹੀ ਸੀ, ਓਦੋਂ ਜੋ ਨਜ਼ਾਰਾ ਸੇਵਾ ਦਾ ਵੇਖਿਆ, ਸਦਾ ਆਤਮਾ ਵਿਚ ਝਲਕਦਾ ਰਹੇਗਾ। ਇਕ ਪਾਸੇ ਬਾਹਰਲੀ ਨੀਂਹ ਪੁਟੀ ਜਾ ਰਹੀ ਸੀ, ਤੇ ਇਕ ਪਾਸੇ ਕੰਧ ਉਸਰ ਰਹੀ ਸੀ। ਮੈਂ ਉਸ ਦਿਨ ਸਿੱਖਾਂ ਨੂੰ ਦਿਲੋਂ ਸੇਵਾ ਕਰਦਿਆਂ ਤਕਿਆ। ਸ਼ਬਦੀ ਤਸਵੀਰ ਤਕਣੀ ਚਾਹੋ, ਤਾਂ ਆਪ ਵੀ ਤਕ ਲਓ।

ਗੱਡੀ

ਗੱਡੀ ਸਿਦਕ-ਭਰੋਸੇ ਦੀ ਚੜ੍ਹ ਕੇ
ਪਹੁੰਚ ਗਏ 'ਸ਼ਹੀਦ ਗੰਜ' ਜਾਂ
ਜਾ ਕੇ ਵੇਖਿਆ ਨੀਂਆਂ ਦੇ ਹੇਠਾਂ
ਦਰਜਾਂ ਪੁੱਟ ਪੁੱਟ ਕੇ

ਦੁੱਧ ਚੁੰਘਦੇ ਮਾਸੂਮਾਂ ਦੀਆਂ ਹੱਡੀਆਂ
ਸਿਰਾਂ ਦੀਆਂ ਖੋਪਰੀਆਂ
ਟੋਟੇ ਜ਼ਾਲਮਾਂ ਜਿੰਨ੍ਹਾਂ ਦੇ ਕੀਤੇ
ਮਾਂਵਾਂ ਦੀਆਂ ਝੋਲੀਆਂ ਵਿਚ
ਕੋਈ ਸਿਦਕੀ ਜਿੰਨ੍ਹਾਂ ਦੇ ਸਿਰ ਵਿਕਦੇ
ਸ਼ਰ੍ਹਾ ਦੇ ਬਜ਼ਾਰ ਵਿਚ ਸੀ
ਆਰੇ, ਕਮਚਾਂ, ਚਰਖ਼ ਦੇ ਦੁਖੜੇ
ਜਿੰਨ੍ਹਾਂ ਨੇ ਸਰੀਰ 'ਤੇ ਸਹੇ
ਇਹ ਉਹਨਾਂ ਦੇ ਬਦਨ ਦੀਆਂ ਹੱਡੀਆਂ
ਚੰਦ ਕੁਰਬਾਨੀ ਦੇ
ਮੱਥਾ ਟੇਕਦਾ ਜਿੰਨਾਂ ਨੂੰ ਜੱਗ ਸਾਰਾ
ਸ਼ਰਧਾ ਦੇ ਹੰਝੂ ਕੇਰਦਾ
ਭੋਰ੍ਹਾ ਵੇਖਿਆ ਜੀਹਦੇ 'ਚ ਕੈਦ ਕੀਤੀਆਂ
ਮਾਂਵਾਂ ਸਣੇ ਬੱਚਿਆਂ ਦੇ
ਪੁੜ ਚੱਕੀ ਦਾ ਅੱਖਾਂ ਨਾਲ ਵੇਖਿਆ
ਜਿਹੜਾ ਓਸ ਭੋਹਰੇ ਵਿਚ ਸੀ
ਆਰਾ ਵੇਖਿਆ, ਜਿਧੇ ਦੰਦਿਆਂ 'ਚੋਂ
ਅਜੇ ਤਕ ਲਹੂ ਸਿੰਮਦਾ
ਹੋਰ ਰੰਬੀਆਂ ਤੇ ਛੁਰੀਆਂ ਅਨੇਕਾਂ
ਗੋਲਾ ਸਵਾ-ਦੋ ਮਣ ਦਾ
ਸਿਰ ਸੂਰ ਦਾ ਵੀ ਵੇਖਿਆ ਸੰਗਤੇ
ਰੱਖੀ ਜੋ ਨਸ਼ਾਨੀ ਖ਼ਾਲਸੇ
ਨਾ ਕੋਈ ਸਿੱਖਾਂ ਜੇਹੀ ਕਰੇ ਕੁਰਬਾਨੀ
ਸਾਨੀ ਨਾ ਕੋਈ ਸੇਵਾ ਵਿਚ ਵੀ
ਜਿਹੜਾ ਖੂਹ 'ਚੋਂ ਨਿਕਲਦਾ ਗਾਰਾ
ਓਸ ਦੀਆਂ ਟੋਕਰੀਆਂ
ਉਹ ਚੁਕਦੇ, ਜਿੰਨ੍ਹਾਂ ਦੇ ਹੱਥ ਮੈਲੇ

ਪੱਟ ਨਾਲ ਲੱਗ ਹੋਵੰਦੇ
ਜਿੰਨ੍ਹਾਂ ਪੈਰ ਨਾ ਪਲੰਘ ਤੋਂ ਲਾਹਿਆ
ਗੁਰੂ ਘਰ ਗਾਰਾ ਢੋਂਦੀਆਂ
ਸੂਟ ਰੇਸ਼ਮੀ ਤੇ ਸਿਰ 'ਤੇ ਗਾਰਾ
ਕੇਸਰ ਪਰੇਮ ਦਾ ਵਗੇ
ਇਕ ਢੇਰ ਹੀ ਬਿਰਧ ਸੀ ਮਾਈ
ਟੋਕਰੀ 'ਸੁ ਭਾਰੀ ਚੁਕ ਲਈ
ਹੇਠਾਂ ਭਾਰ ਦੇ ਨਾ ਜਾਵੇ ਸੁ ਤੁਰਿਆ
ਮੈਂ ਕਿਹਾ, "ਮਾਤਾ ਸਾਹਿਬ ਜੀ,
ਲਿਆ ਟੋਕਰੀ ਚੁਕਾ ਦਿਹੁ ਮੈਨੂੰ"
ਓਸ ਕਿਹਾ, "ਨਹੀਂ ਬੱਚਿਆ!
ਮੇਰੀ ਟੋਕਰੀ ਹੇਠਾਂ ਜਿੰਦ ਨਿਕਲੇ
ਸੁਰਗਾਂ ਨੂੰ ਜਾਵਾਂ ਲਾਲ ਵੇ"
ਸੁਣ ਕਿਹਾ ਮੈਂ, "ਤੂੰ ਧੰਨ ਬਾਜ਼ਾਂ ਵਾਲਿਆ!
ਧੰਨ ਤੇਰੇ ਸਿੱਖ ਗੁਰੂਆ!!"
ਸਿਰ ਆਪਣੇ ਆਪ ਝੁਕ ਜਾਵੇ
ਖ਼ਾਲਸੇ ਨੂੰ ਵੇਖ 'ਸੀਤਲਾ'
ਸੇਵਾ! ਸੇਵਾ!
ਨਿਹਫਲ ਨਾ ਜਾਏਗੀ, ਮਿਲੂ ਮੇਵਾ।
ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ।

ਪ੍ਰਸੰਗ ਲਿਖਿਆ ੨੧-੪-੩੫ ਈ.

ਸ਼ਹੀਦੀ

ਭਾਈ ਤਾਰੂ ਸਿੰਘ ਜੀ

ਹਰ ਇਕ ਆਦਮੀ ਆਪਣੇ ਸੁਭਾਂ ਤੋਂ ਮਜਬੂਰ ਹੁੰਦਾ ਹੈ। ਜਿਵੇਂ ਭਲੇ ਭਲਿਆਈ ਤੋਂ ਨਹੀਂ ਰਹਿ ਸਕਦੇ, ਓਵੇਂ ਬੁਰੇ ਬੁਰਿਆਈ ਕੀਤੇ ਬਿਨਾਂ ਨਹੀਂ ਰਹਿ ਸਕਦੇ। ਜੰਡਿਆਲੇ ਦੇ ਰਹਿਣ ਵਾਲਾ 'ਹਰਿ ਭਗਤ ਨਿਰੰਜਨੀਆਂ' ਦੇਸ਼-ਭਗਤਾਂ ਨਾਲ ਧਰੋਹ ਕੀਤੇ ਬਿਨਾਂ ਨਹੀਂ ਰਹਿ ਸਕਦਾ ਸੀ। ਉਸਨੇ ਭਾਈ ਤਾਰੂ ਸਿੰਘ ਸਾਹਿਬ ਜੀ ਦੇ ਵਿਰੁੱਧ ਲਾਹੌਰ ਸੂਬੇ ਕੋਲ ਚੁਗ਼ਲੀ ਜਾ ਕੀਤੀ। ਸਿੱਖਾਂ ਦਾ ਵੈਰੀ ਖ਼ਾਨ ਬਹਾਦਰ ਨਾਜ਼ਮ ਲਾਹੌਰ ਗ਼ੁੱਸੇ ਵਿਚ ਭੜਕ ਉਠਿਆ। ਉਹਨੇ ਨਾਇਬ ਮੋਮਨ ਖ਼ਾਂ ਨੂੰ ਫ਼ੌਜ ਦੇ ਕੇ 'ਪੂਲ੍ਹੇ' ਪਿੰਡ ਨੂੰ ਰਵਾਨਾ ਕਰ ਦਿੱਤਾ।

ਸਾਕਾ

ਚੁਗ਼ਲੀ ਖਾਧੀ ਚੁਗ਼ਲ ਨੇ ਬਹੁ ਕਹਿਰ ਕਮਾਇਆ
ਤਾਰੂ ਸਿੰਘ ਦੇ ਫੜਨ ਨੂੰ ਲੈ ਫ਼ੌਜਾਂ ਆਇਆ
'ਮੋਮਨ ਖ਼ਾਂ' ਨੇ ਖੇਤ ਚੋਂ ਸਿੰਘ ਫੜ ਮੰਗਵਾਇਆ
ਮਾਰ ਜ਼ੰਜੀਰਾਂ ਪੁੱਠੀਆਂ ਬੰਨ੍ਹ ਅੱਗੇ ਲਾਇਆ
ਬੇ-ਗੁਨਾਹੋਂ ਸੰਤ 'ਤੇ ਹੱਥ ਆਣ ਉਠਾਇਆ
ਸਮਾਂ ਤੁਰਕ ਦੇ ਅੰਤ ਦਾ 'ਸੀਤਲ' ਜੀ ਆਇਆ

ਪੈਰਾਂ ਵਿਚ ਜ਼ੰਜੀਰਾਂ, ਹੱਥਾਂ ਵਿਚ ਹਥਕੜੀਆਂ, ਸਿੰਘ ਸਾਹਿਬ, ਪੂਲ੍ਹੇ ਨੱਗਰ ਦੇ ਬਾਹਰ ਸੱਥ ਵਿਚ ਬਿਠਾਏ ਹੋਏ ਸਨ। ਬਿਰਧ ਮਾਤਾ ਨੂੰ ਖ਼ਬਰਾਂ ਪੁੱਜੀਆਂ, 'ਚੱਲ, ਪੁੱਤਰ ਦੇ ਆਖ਼ਰੀ ਦਰਸ਼ਨ ਕਰ ਲੈ।' ਛੋਟੀ ਭੈਣ ਨੂੰ ਸੁਨੇਹਾ ਗਿਆ, 'ਤੇਰੇ ਦਿਲ ਵਿਚ ਸੱਧਰਾਂ, ਜੀਂ ਵਿਚ ਚਾਂ ਸਨ, ਕਿ ਘੋੜੀ ਚੜ੍ਹਦੇ ਵੀਰ ਦੀ ਵਾਗ ਗੁੰਦਾਂਗੀ। ਚੱਲ, ਭਰਾ ਦੇ ਅੰਤਮ ਸਗਨ ਮਨਾ ਲੈ।''

ਭੈਣ ਪਹੁੰਚੀ। ਮਾਂ ਵੀ ਕੋਲ ਆਈ। ਮਾਂ ਦੇ ਦਿਲ ਵਿਚ ਕੋਈ ਅਥਾਹ ਵਲਵਲਾ ਸੀ। ਉਹ ਛਾਤੀ ਪਾੜ ਕੇ ਪੁੱਤਰ ਦੇ ਸਾਮ੍ਹਣੇ ਧਰ ਦੇਣਾ ਚਾਹੁੰਦੀ ਸੀ। ਉਹ ਕਹਿਣ ਲੱਗੀ, "ਮੇਰੇ ਲਾਲ ਤਾਰੂ ਸਿੰਘ! ਕੀ ਉਹ ਸਮਾਂ ਆ ਗਿਆ ਹੈ, ਜਿਸ ਵਾਸਤੇ ਮੈਂ ਤੈਨੂੰ ਪੰਝੀ ਸਾਲ ਤਕ ਤਿਆਰ ਕਰਦੀ ਰਹੀ ਹਾਂ? ਕੱਲ੍ਹ ਨੂੰ ਮੇਰੀ ਗੋਦੀ ਵਿਚ ਬਹਿਕੇ 'ਮਾਂ' ਆਖਣ ਵਾਲਾ ਬੇਸ਼ਕ ਕੋਈ ਨਾ ਹੋਵੇ, ਪਰ ਇਹ ਨਾ ਸੁਣਨਾ ਪਏ, ਕਿ ਤਾਰੂ ਸਿੰਘ ਅਣਖ ਨੂੰ ਵੱਟਾ ਲਾ ਗਿਆ ਹੈ। ਜੇ ਇਕ ਮਾਂ ਦੀ ਗੋਦੀ ਸੁੰਞੀ ਹੋ ਕੇ, ਹਜ਼ਾਰਾਂ ਗ਼ੁਲਾਮਾਂ ਦਾ ਭਲਾ ਹੋ ਜਾਵੇ, ਤਾਂ ਇਹ ਸੌਦਾ ਮਹਿੰਗਾ ਨਹੀਂ। ਬੱਸ, ਮੇਰੀ ਆਖ਼ਰੀ ਸਿੱਖਿਆ ਹੈ :

"ਜਦ ਤਕ ਜੀਵੇਂ, ਦੇਸ ਬਦਲੇ।"
"ਜੋ ਕੁਛ ਕਰੇਂ, ਕੌਮ ਬਦਲੇ।"
"ਮਰੇਂ, ਤਾਂ ਆਪਣੀ ਅਣਖ ਬਦਲੇ।"

ਇਕ ਪੱਛਮੀ ਵਿੱਦਵਾਨ ਦਾ ਕਥਨ ਹੈ :

The hand that rocks the cradle, rules the world.

(ਉਹ ਹੱਥ, ਜੋ ਬੱਚੇ ਦਾ ਪੰਘੂੜਾ ਹਿਲਾਉਂਦਾ ਹੈ, ਦੁਨੀਆਂ 'ਤੇ ਰਾਜ ਕਰਦਾ ਹੈ) ਭਾਵ, ਮਾਂਵਾਂ ਹੀ ਪੁੱਤਰ ਦੇ ਜੀਵਨ ਬਣਾਉਂਦੀਆਂ ਹਨ। ਮਾਂ ਚਾਹੇ, ਤਾਂ ਪੁੱਤਰ ਨੂੰ ਦੇਸ-ਭਗਤ, ਧਰਮੀ, ਯੋਧਾ ਤੇ ਧਰਮਾਤਮਾ ਬਣਾ ਦੇਵੇ। ਮਾਂ ਚਾਹੇ, ਤਾਂ ਪੁੱਤਰ ਨੂੰ ਕੁਲਘਾਤੀ, ਚੋਰ, ਉਚੱਕਾ ਤੇ ਬਦਮਾਸ਼ ਬਣਾ ਦੇਵੇ। ਇਹ ਮਾਂ ਦੀ ਸਿੱਖਿਆ ਵਿਚ ਤਾਸੀਰ ਹੈ।

ਵੇਖੋ, ਭਾਈ ਤਾਰੂ ਸਿੰਘ ਜੀ ਦੀ ਮਾਤਾ ਇਕ ਜੀਵਨ ਦੁਨੀਆਂ ਦੇ ਸਾਮ੍ਹਣੇ ਪੇਸ਼ ਕਰ ਰਹੀ ਹੈ। ਇਕ ਪਾਸਿਓਂ ਛੋਟੀ ਭੈਣ, ਤੇ ਇਕ ਪਾਸਿਓਂ ਵਿਧਵਾ ਮਾਤਾ, ਚਲਦੇ ਤਾਰੂ ਸਿੰਘ ਜੀ ਨੂੰ ਅੰਤਮ ਅਸੀਸ ਦੇਂਦੀਆਂ ਹਨ:

ਕੋਰੜਾ

ਭੈਣ :- ਆਖਦੀ ਹੈ ਭੈਣ, ਵੀਰ! ਜ਼ਰਾ ਠਹਿਰ ਵੇ
ਸਾਡੇ ਉਤੇ ਪਾਪੀਆਂ ਕਮਾਇਆ ਕਹਿਰ ਵੇ
ਬੰਨ੍ਹ ਤੁਰੇ ਤੈਨੂੰ ਮਾਰ ਕੇ ਜ਼ੰਜੀਰ ਵੇ
ਵੇਖੀਂ, ਕਿਤੇ ਚਿੱਤ ਨਾ ਡੁਲਾਵੀਂ ਵੀਰ ਵੇ

ਮਾਂ :- ਮਾਂਉਂ ਕਹਿੰਦੀ : ਬੱਚਾ ਮਾਤਾ ਦੀ ਅਸੀਸ ਵੇ
ਧਰਮੋਂ ਨਾ ਡੋਲੀਂ, ਲੱਗ ਜਾਵੇ ਸੀਸ ਵੇ
ਹਾਰ ਕੇ ਧਰਮ ਜਾਨ ਨੂੰ ਬਚਾਉਣਾ ਨਹੀਂ
ਦੁਨੀਆਂ 'ਤੇ ਬੱਚਾ, ਦੂਜੀ ਵਾਰ ਆਉਣਾ ਨਹੀਂ
ਭੈਣ :- ਅਸਾਂ ਨਹੀਂ ਸੀ ਕੁਝ ਕਿਸੇ ਦਾ ਗੁਆਇਆ ਵੇ
ਕਾਥੋਂ ਬੰਨ੍ਹ ਜ਼ਾਲਮਾਂ ਨੇ ਅੱਗੇ ਲਾਇਆ ਵੇ
ਜਾਪਦੀ ਬਦਲ ਗਈ ਏ ਤਕਦੀਰ ਵੇ
ਵੇਖੀਂ ਕਿਤੇ ਚਿੱਤ ਨਾ ਡੁਲਾਵੀਂ ਵੀਰ ਵੇ
ਮਾਂ :- ਵੈਰੀ ਤੈਨੂੰ ਡਾਢੇ—ਚੰਨ ਵੇ—ਸਤਾਉਣਗੇ
ਮਾਇਆ, ਲੋਭ, ਲਾਲਚਾਂ ਦੇ ਜਾਲ ਪਾਉਣਗੇ
ਕਿਸੇ ਗੱਲ ਉਤੇ ਚਿੱਤ ਭਰਮਾਉਣਾ ਨਹੀਂ
ਦੁਨੀਆਂ 'ਤੇ ਬੱਚਾ! ਦੂਜੀ ਵਾਰ ਆਉਣਾ ਨਹੀਂ
ਭੈਣ :- ਚੁਗ਼ਲੀ ਹੈ ਲਾਈ ਕਿਸੇ ਹੱਤਿਆਰੇ ਵੇ
ਵੈਰੀ ਤੇਰੇ ਜਾਪਦੇ ਨੇ ਅੱਜ ਸਾਰੇ ਵੇ
ਸਿਰ ਪਈਆਂ ਝੱਲੀਂ ਦਿਲ ਧਾਰ ਧੀਰ ਵੇ
ਵੇਖੀਂ, ਕਿਤੇ ਚਿੱਤ ਨਾ ਡੁਲਾਵੀਂ ਵੀਰ ਵੇ
ਮਾਂ :- ਭੁੱਖਾ ਤੇ ਤਿਹਾਇਆ ਜੇਲ੍ਹ 'ਚ ਰਖਾਉਣਗੇ
ਦੇ ਦੇ ਕੇ ਤਸੀਹੇ, ਸੋਹਣਿਆਂ ! ਡਰਾਉਣਗੇ
ਦੁੱਖਾਂ ਵੱਲੋਂ ਵੇਖ ਮੁੱਖੜਾ ਭੁਆਉਣਾ ਨਹੀਂ
ਦੁਨੀਆਂ 'ਤੇ ਬੱਚਾ! ਦੂਜੀ ਵਾਰ ਆਉਣਾ ਨਹੀਂ
ਭੈਣ :- ਮਾਰਨਗੇ ਬੈਂਤ ਚਰਖੜੀ ਚੜ੍ਹਾਉਣਗੇ
ਕਮਚਾਂ ਦੇ ਨਾਲ ਬੋਟੀਆਂ ਉਡਾਉਣਗੇ
ਖ਼ਾਕ ਵਿਚ ਰੋਲ ਦੇਣਗੇ ਸਰੀਰ ਵੇ
ਵੇਖੀਂ, ਕਿਤੇ ਚਿੱਤ ਨਾ ਡੁਲਾਵੀਂ ਵੀਰ ਵੇ
ਮਾਂ :- ਪੋਟਾ ਪੋਟਾ ਕਰ ਦੇਣ ਆਰੇ ਨਾਲ ਵੇ
'ਸੀ' ਨਾ ਸੁਣਾਵੀਂ ਮੂੰਹੋਂ ਮੇਰੇ ਲਾਲ ਵੇ
ਪੁੱਠੀ ਖੱਲ ਲਾਹੁਣ ਭਾਵੇਂ, ਘਬਰਾਉਣਾ ਨਹੀਂ
ਦੁਨੀਆਂ 'ਤੇ ਬੱਚਾ! ਦੂਜੀ ਵਾਰ ਆਉਣਾ ਨਹੀਂ

ਭੈਣ :- ਕਰ ਦੇਣ ਵੈਰੀ ਭਾਵੇਂ ਚੂਰਾ ਚੂਰਾ ਵੇ
ਤੱਕੜੀ ਸਿਦਕ ਦੀ 'ਤੇ ਤੁੱਲੀਂ ਪੂਰਾ ਵੇ
ਪੁਰੀ ਦਰਗਾਹੇ ਚੱਲਣਾ ਅਖ਼ੀਰ ਵੇ
ਵੇਖੀਂ, ਕਿਤੇ ਚਿੱਤ ਨਾ ਡੁਲਾਵੀਂ ਵੀਰ ਵੇ
ਮਾਂ :- ਸਾਹਿਬਜ਼ਾਦਿਆਂ ਨੂੰ—ਚੰਨਾ!—ਯਾਦ ਰੱਖਣਾ
ਮੌਤ ਦਾ ਸਵਾਦ ਖ਼ੁਸ਼ੀ ਨਾਲ ਚੱਖਣਾ
ਤਾਰੂ ਸਿੰਘਾ! ਦਾਗ਼ ਨਾਮ ਤਾਂਈਂ ਲਾਉਣਾ ਨਹੀਂ
ਦੁਨੀਆਂ 'ਤੇ ਬੱਚਾ! ਦੂਜੀ ਵਾਰ ਆਉਣਾ ਨਹੀਂ
ਭੈਣ :- ਸਾਡੇ ਵੱਲੋਂ ਚਿੱਤ ਨਾ ਲਿਆਵੀਂ ਖ਼ਿਆਲ ਵੇ
ਸਾਡਾ ਰਾਖਾ ਆਪ ਵਾਹਿਗੁਰੂ-ਅਕਾਲ ਵੇ
ਦੁਨੀਆਂ 'ਤੇ ਪਿੱਛੇ ਛੱਡ ਜੀਂ ਨਜ਼ੀਰ ਵੇ
ਵੇਖੀਂ ਕਿਤੇ ਚਿੱਤ ਨਾ ਡੁਲਾਵੀਂ ਵੀਰ ਵੇ
ਮਾਂ :- ਇਕੋ ਇਕ ਪੁੱਤ ਹੱਥੀਂ ਰਹੀਆਂ ਤੋਰ ਜੀ
'ਸੀਤਲ' ਜੀ ਹੱਥ ਵਾਹਿਗੁਰੂ ਦੇ ਡੋਰ ਜੀ
ਹੀਰਾ ਇਹ ਜਨਮ ਕੌਡੀਓਂ ਲੁਟਾਉਣਾ ਨਹੀਂ
ਦੁਨੀਆਂ 'ਤੇ ਬੱਚਾ! ਦੂਜੀ ਵਾਰ ਆਉਣਾ ਨਹੀਂ

'ਪੂਲ੍ਹਾ' ਨੱਗਰ ਦੂਰ ਰਹਿ ਗਿਆ। ਪੁਲੀਸ ਰਾਤ ਭੜਾਣੇ (ਜ਼ਿਲ੍ਹਾ ਲਾਹੌਰ ਵਿਚ) ਆਈ। ਏਥੋਂ ਦੇ ਸਿੱਖਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣ ਦੀ ਸਲਾਹ ਕੀਤੀ, ਪਰ ਸਿੰਘ ਸਾਹਿਬ ਜੀ ਨੇ ਨਾ ਮੰਨੀ। ਅਗਲੇ ਦਿਨ ਨਾਜ਼ਮ ਲਾਹੌਰ—ਸੂਬਾ ਖ਼ਾਨ ਬਹਾਦਰ, ਜ਼ਕਰੀਆ ਖ਼ਾਂ—ਦੀ ਕਚਹਿਰੀ ਵਿਚ ਪੁੱਜੇ। ਸਿੰਘ ਸਾਹਿਬ ਨੇ ਗੱਜ ਕੇ ਫ਼ਤਹਿ ਬੁਲਾਈ।

ਕਬਿੱਤ

ਜਾਇਕੇ ਸਿਪਾਹੀਆਂ ਪੇਸ਼ ਕੀਤਾ ਤਾਰੂ ਸਿੰਘ ਤਾਈਂ
'ਵਾਹਿਗੁਰੂ ਦੀ ਫ਼ਤਹਿ' ਸਿੰਘ ਗੱਜ ਕੇ ਬੁਲਾਈ ਹੈ
ਸਿੰਘ ਮੂੰਹੋਂ 'ਫ਼ਤਹਿ' ਸੁਣ ਅੱਗ ਲੱਗੀ ਸਾਰਿਆਂ ਨੂੰ
ਗੁੱਸੇ ਨਾਲ ਸੂਬੇ ਤਿਉੜੀ ਮੱਥੇ ਉਤੇ ਪਾਈ ਹੈ
ਆਖਦਾ ਦੀਵਾਨ ਕੋਲੋਂ, "ਹੋਸ਼ ਕਰ ਖ਼ਾਲਸਾ ਓ।

ਵਾਜਾਂ ਮਾਰੇਂ ਮੌਤ ਨੂੰ , ਇਹ ਤੇਰੀ ਕੀ ਦਾਨਾਈ ਹੈ
ਇਹ ਹੈ ਦਰਬਾਰ ਖ਼ਾਨ ਸਾਹਿਬ ਦਾ, ਜਹਾਨ ਜਾਣੇ
ਆਕੜ 'ਚ ਆ ਕੇ ਕਿਉਂ ਸਲਾਮ ਨਹੀਂ ਬੁਲਾਈ ਹੈ"

"ਤਾਰੂ ਸਿੰਘ!" ਦੀਵਾਨ ਨੇ ਕਿਹਾ, 'ਇਹ ਅਨੰਦਪੁਰ ਨਹੀਂ, ਇਹ ਗੁਰੂ ਗੋਬਿੰਦ ਸਿੰਘ ਦਾ ਦਰਬਾਰ ਨਹੀਂ, ਨਾ ਹੀ ਅੰਮ੍ਰਿਤਸਰ ਦਾ ਹਰਿਮੰਦਰ ਹੈ, ਜਿੱਥੇ ਤੇਰੀ ਫ਼ਤਹਿ ਪਰਵਾਨ ਹੋਵੇਗੀ। ਇਹ ਸੂਬਾ ਖ਼ਾਨ ਬਹਾਦਰ ਸਾਹਿਬ ਦੀ ਕਚਹਿਰੀ ਹੈ। ਸਲਾਮ ਕਰ, ਜੇ ਜ਼ਿੰਦਗੀ ਚਾਹੁੰਦਾ ਹੈਂ ਤਾਂ। ਨਹੀਂ ਤਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਂਗਾ।"

ਭਾਈ ਤਾਰੂ ਸਿੰਘ ਜੀ ਨੇ ਜਵਾਬ ਦਿੱਤਾ : "ਮੌਤ ਤੋਂ ਕਾਇਰ ਤੇ ਬੁਜ਼ਦਿਲ ਡਰਿਆ ਕਰਦੇ ਹਨ। ਸਾਡੀ ਤਾਂ ਮੌਤ ਖਿਡਾਵੀ ਹੈ। ਮਰਨ ਵਾਲੇ ਸਦਾ ਮੌਤ ਦਾ ਰਾਹ ਤਕਿਆ ਕਰਦੇ ਨੇ, ਡਰਿਆ ਨਹੀਂ ਕਰਦੇ।"

ਇਹ ਸੁਣ ਕੇ ਸੂਬਾ ਗ਼ੁੱਸੇ ਨਾਲ ਕਹਿਣ ਲੱਗਾ :

ਵਾਰ

ਸੂਬਾ ਖ਼ਾਨ ਬਹਾਦਰ ਬੋਲਿਆ
ਗ਼ੁੱਸੇ ਵਿਚ ਆ ਮੱਥੇ ਵੱਟ ਪਾ
ਮੇਰੇ ਦੇਸ ਵਿਚ ਆਕੀ ਜੰਮਿਓਂ
ਦਿਲੋਂ ਦਿੱਤਾ ਮੇਰਾ ਖ਼ੌਫ਼ ਤੂੰ ਭੁਲੱਾ
ਓ ਮੈਂ ਕੁੱਲ ਕਰਤੂਤਾਂ ਤੇਰੀਆਂ
ਸੁਣ ਲਈਆਂ ਨੇ, ਭਰਮ ਨਹੀਂ ਕਾ
ਕੋਲ ਰਖਨੈ ਹਮੇਸ਼ ਤੂੰ ਧਾੜਵੀ
ਦੇਨੈ ਲੋਕਾਂ ਦੇ ਘਰ ਭੰਨਵੱਾ
ਜਿਹੜੇ ਸਿੰਘ ਬਾਗ਼ੀ ਬਾਦਸ਼ਾਹ ਤੋਂ
ਕੋਲ ਰਖਨੈ ਤੂੰ ਉਹਨਾਂ ਨੂੰ ਲੁਕੱਾ
ਅੱਜ ਕਢ ਲਾਂ ਗਾ ਕਸਰਾਂ ਸਾਰੀਆਂ
ਬੈਂਤ ਮਾਰ ਖੱਲ ਦਿਆਂਗਾ ਉਡੱਾ
ਪਿੰਜ ਦਿਆਂਗਾ ਚਰਖੜੀ ਚਾੜ੍ਹ ਕੇ
ਪੁੱਠਾ ਕਰਕੇ ਲਵਾਂਗਾ ਖੱਲ ਲਾਹ

ਕੋਹਲੂ ਘੱਤ ਕੇ ਤਿਲਾਂ ਵਾਂਗ ਪੀੜ ਕੇ
ਤੇਲ ਵਾਂਗ ਰੱਤ ਲਵਾਂਗਾ ਚੁਆ
ਹਾਂ, ਜੇ ਦੀਨ ਇਸਲਾਮ ਕਬੂਲ ਲੈਂ
ਛੱਡ ਦਿਆਂਗਾ ਤਰਸ ਦਿਲ ਖਾ
ਨਹੀਂ ਤਾਂ ਨਾਲ ਮੱਖਣਾਂ ਦੇ ਪਾਲਿਆ
ਦੇਊਂ ਖ਼ਾਕ 'ਚ ਸਰੀਰ ਮਿਲਾ

"ਤਾਰੂ ਸਿੰਘਾ! ਜੋ ਤੂੰ ਕਰਤੂਤਾਂ ਲੁਕ ਕੇ ਕਰਦਾ ਰਿਹਾ ਹੈਂ, ਸਭ ਕੁਛ ਮਾਲੂਮ ਹੋ ਗਿਆ ਹੈ। ਤੂੰ ਹਕੂਮਤ ਵੱਲੋਂ ਬਾਗ਼ੀ ਸਿੱਖਾਂ ਨੂੰ ਆਪਣੇ ਕੋਲ ਰਖਦਾ ਏਂ, ਡਾਕੂਆਂ ਨੂੰ ਸ਼ਹਿ ਦੇਂਦਾ ਏਂ, ਤੇ ਜੋ ਕੁਝ ਪੱਟੀ ਵਿਚ ਹੋਇਆ ਹੈ, ਉਸ ਦਾ ਕਰਤਾ ਧਰਤਾ ਤੂੰ ਹੈਂ। ਕਿਸੇ ਗੱਲੋਂ ਮੁਕਰੇਂ, ਤਾਂ ਹਰਿਭਗਤ ਨਿਰੰਜਨੀਆਂ ਤੇਰੇ ਉਤੇ ਲਾਏ ਦੂਸ਼ਣ ਸਾਬਤ ਕਰ ਸਕਦਾ ਹੈ।"

ਭਾਈ ਤਾਰੂ ਸਿੰਘ ਨੇ ਜਵਾਬ ਦਿੱਤਾ, "ਤੇਰੇ ਝੂਠੇ ਗਵਾਹਾਂ ਦੀ ਲੋੜ ਤਦ ਪਵੇ, ਜੇ ਤਾਰੂ ਸਿੰਘ ਝੂਠ ਬੋਲਣਾ ਜਾਣਦਾ ਹੋਵੇ। ਜੋ ਕੁਝ ਤੇਰੇ ਚਾਟੜੇ ਕਹਿੰਦੇ ਹਨ, ਠੀਕ ਹੈ। ਜੋ ਕੁਝ ਪੱਟੀ ਵਿਚ ਹੋਇਆ ਹੈ, ਉਸਦੇ ਕਰਨ ਵਾਲਾ ਮੈਂ ਹਾਂ। ਫ਼ਰਕ ਕੇਵਲ ਏਨਾ ਹੈ; ਕਿ ਤੂੰ ਉਸਨੂੰ ਜ਼ੁਲਮ ਤੇ ਪਾਪ ਸਮਝਦਾ ਹੈਂ, ਮੈਂ ਉਸਨੂੰ ਧਰਮ ਤੇ ਉਪਕਾਰ ਸਮਝਦਾ ਹਾਂ।"

ਪੱਟੀ ਵਿਚ ਕੀ ਹੋਇਆ? ਇਹ ਇਕ ਪਰਸਿੱਧ ਕਥਾ ਹੈ। ਪੱਟੀ ਦਾ ਨਾਇਬ ਫ਼ੌਜਦਾਰ (ਮੁਸਲਮਾਨ ਅਫ਼ਸਰ) ਬਜ਼ਾਰ ਵਿਚ ਜਾ ਰਿਹਾ ਸੀ। ਇਕ ਮੁਟਿਆਰ ਮੁਸਲਮਾਨ ਲੜਕੀ ਉਸਦੀ ਨਿਗ੍ਹਾ ਪਈ। ਸਿਪਾਹੀਆਂ ਨੂੰ ਹੁਕਮ ਦਿੱਤਾ, "ਇਹਨੂੰ ਮੇਰੇ ਮਹਿਲਾਂ ਵਿਚ ਲੈ ਚੱਲੋ।"

ਬੂਹੇ ਅੱਗੇ ਮਾਸੂਮ ਲੜਕੀ ਦਾ ਗ਼ਰੀਬ ਬਾਪ—ਰਹੀਮ ਬਖ਼ਸ਼ ਮਾਛੀ—ਦੋਹੱਥੜੀਂ ਪਿੱਟ ਰਿਹਾ ਸੀ, ਤੇ ਗ਼ਰੀਬਾਂ ਦੇ ਲਹੂ ਨਾਲ ਉਸਰੇ ਮੰਦਰਾਂ ਵਿਚ ਉਸ ਦੇਵੀ ਦੀ ਬੇਇੱਜ਼ਤੀ ਕੀਤੀ ਜਾ ਰਹੀ ਸੀ। ਉਸ ਗ਼ਰੀਬ—ਪਿਉ ਧੀ—ਦੇ ਰੋਣ ਦਾ ਕੋਈ ਅਸਰ ਨਾ ਹੋਇਆ। ਰਹੀਮ ਬਖ਼ਸ਼, ਅੱਲਾ ਫ਼ੌਜਦਾਰ (ਉਹ ਵੀ ਮੁਸਲਮਾਨ ਸੀ) ਕੋਲ ਜਾ ਕੇ ਰੋਇਆ ਪਿੱਟਿਆ, ਪਰ ਕੋਈ ਅਸਰ ਨਾ ਹੋਇਆ।

ਆਖ਼ਰ ਉਹ ਸੂਬਾ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਲਾਹੌਰ ਦੀ ਕਚਹਿਰੀ ਵਿਚ ਫ਼ਰਯਾਦੀ ਹੋਇਆ, ਪਰ ਇਨਸਾਫ਼ ਓਥੇ ਵੀ ਨਹੀਂ ਸੀ। ਜਦੋਂ ਝਗੜਾ ਤਕੜੇ ਤੇ ਮਾੜੇ ਵਿਚ ਪੈ ਜਾਵੇ, 'ਇਨਸਾਫ਼' ਅੰਨ੍ਹਾ ਤੇ ਬੋਲਾ ਹੋ ਜਾਇਆ

ਕਰਦਾ ਹੈ। ਕਿੱਥੇ ਪੱਟੀ ਦਾ ਨਾਇਬ ਫ਼ੌਜਦਾਰ ਤੇ ਕਿੱਥੇ ਪੱਟੀ ਦੀ ਕਿਸੇ ਹਨ੍ਹੇਰੀ ਗਲੀ ਵਿਚ ਰਹਿਣ ਵਾਲਾ ਇਕ ਗ਼ਰੀਬ ਮਾਛੀ। ਉਹਨਾਂ ਦਾ ਇਨਸਾਫ਼ ਕੌਣ ਕਰਦਾ? ਸੂਬੇ ਵੱਲੋਂ ਫ਼ਰਿਯਾਦੀ ਦੀ ਕੋਈ ਨਾ ਸੁਣੀ ਗਈ।

ਅੰਤ ਛਾਤੀ ਲੂੰਹਦਾ ਹੋਇਆ, ਉਹ ਲਾਹੌਰੋਂ ਪੱਟੀ ਨੂੰ ਵਾਪਸ ਮੁੜਿਆ, ਤੇ ਰਾਹ ਵਿਚ ਪੂਲ੍ਹੇ ਤਾਰੂ ਸਿੰਘ ਦੇ ਘਰ ਰਿਹਾ। ਰਹੀਮ ਬਖ਼ਸ਼ ਨੇ ਆਪਣਾ ਦੁੱਖ ਰੋਇਆ, ਤਾਂ ਤਾਰੂ ਸਿੰਘ ਦੇ ਨੇਤਰ ਭਰ ਆਏ। ਉਹਨੇ ਕਿਹਾ, "ਓ ਦੁੱਖੀ ਮਿੱਤਰਾ! ਜਾਹ ਆਪਣੇ ਘਰ ਆਰਾਮ ਕਰ। ਜੇ ਬੇਗੁਨਾਹਾਂ ਦੀ ਖ਼ਾਤਰ ਗੁਰੂ ਤੇਗ਼ ਬਹਾਦਰ ਜੀ ਦਾ ਡੁਲ੍ਹਾ ਹੋਇਆ ਖ਼ੂਨ ਦਿੱਲੀ ਦੀ ਧਰਤੀ ਨੇ ਖ਼ੁਸ਼ਕ ਨਹੀਂ ਕਰ ਦਿੱਤਾ, ਤਾਂ ਤੇਰੇ ਦੁਖ ਦਾ ਇਲਾਜ ਹੋ ਜਾਵੇਗਾ। ਸਰਹਿੰਦ ਦੀਆਂ ਨੀਆਂ ਵਿਚ ਚਿਣੇ ਹੋਏ ਸਾਹਿਬਜ਼ਾਦੇ ਸਿੱਖਾਂ ਦੇ ਦਿੱਲਾਂ ਵਿਚੋਂ ਨਹੀਂ ਭੁਲ ਗਏ, ਤਾਂ ਤੇਰਿਆਂ ਅੱਲਿਆਂ ਫੱਟਾਂ ਉੱਤੇ ਤਾਰੂ ਸਿੰਘ ਦਾ ਦਿਲ ਮਲ੍ਹਮ ਬਣ ਕੇ ਲੱਗੇਗਾ।"

ਇਲਾਕੇ ਵਿਚੋਂ ਜੰਗੀ ਸਿੱਖਾਂ ਨੂੰ ਨਾਲ ਲੈ ਕੇ, ਭਾਈ ਤਾਰੂ ਸਿੰਘ ਜੀ ਨੇ ਪੱਟੀ 'ਤੇ ਛਾਪਾ ਮਾਰਿਆ। ਉਸ ਨਾਇਬ ਫ਼ੌਜਦਾਰ ਨੂੰ ਕਤਲ ਕੀਤਾ, ਤੇ ਉਹ ਗ਼ਰੀਬ ਕੰਨਿਆਂ ਉਸ ਦੇ ਪਿਤਾ ਦੇ ਘਰ ਪੁਚਾਈ। ਆਹ ਸਾਜੇ ਗੁਨਾਹ ਭਾਈ ਤਾਰੂ ਸਿੰਘ ਜੀ ਦਾ, ਜੀਹਦੇ ਬਦਲੇ ਉਹ ਫੜੇ ਗਏ।

ਸੁਣ ਕੇ ਸੂਬੇ ਨੇ ਕਿਹਾ, "ਤਾਰੂ ਸਿੰਘ! ਜਦ ਤੂੰ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ, ਤਾਂ ਫੇਰ ਵੀ ਕੋਈ ਰਾਹ ਹੈ ਤੇਰੇ ਬਚ ਨਿਕਲਨ ਦਾ? ਬੱਸ ਇਸ ਕੀਤੇ ਦੀ ਸਜ਼ਾ ਭੁਗਤਣ ਲਈ ਤਿਆਰ ਹੋ ਜਾ।"

ਭਾਈ ਤਾਰੂ ਸਿੰਘ ਨੇ ਜਵਾਬ ਦਿੱਤਾ :

ਕੋਰੜਾ-ਕਬਿੱਤ

ਵਾਹਿਗੁਰੂ ਧਿਆਵੇ, ਅੱਗੋਂ ਬੋਲ ਕੇ ਸੁਣਾਵੇ
ਕਿਵੇਂ ਸਿੰਘ ਡੋਲ ਜਾਵੇ? ਦਸਮ ਅਵਤਾਰ ਦਾ
ਖ਼ਾਲਸਾ ਧਰਮ ਤੋਂ ਕਦੇ ਨਹੀਂ ਹਾਰਦਾ
ਚਰਖੜੀ 'ਤੇ ਚਾੜ੍ਹ, ਜਿਉਂਦਾ ਅੱਗ ਵਿਚ ਸਾੜ
ਛਾਤੀ ਤੀਰਾਂ ਨਾਲ ਪਾੜ; ਹਾਇ ਨਾ ਉਚਾਰਦਾ
ਖ਼ਾਲਸਾ ਧਰਮ ਤੋਂ ਕਦੇ ਨਹੀਂ ਹਾਰਦਾ

ਸੂਲੀ 'ਤੇ ਚੜ੍ਹਾ ਦੇ, ਅੱਗੇ ਤੋਪ ਦੇ ਉਡਾ ਦੇ
ਪੁਠਾ ਕਰ ਖੱਲ ਲਾਹ ਦੇ, ਵੇਖ ਲਈਂ ਸਹਾਰਦਾ
ਖ਼ਾਲਸਾ ਧਰਮ ਤੋਂ ਕਦੇ ਨਹੀਂ ਹਾਰਦਾ
'ਸੀਤਲ' ਸੁਣਾਵੇ, ਕਰ ਜਿਹੜੀ ਚਿੱਤ ਆਵੇ
ਤਾਰੂ ਸਿੰਘ ਝੱਲ ਜਾਵੇ ਭਾਣਾ ਕਰਤਾਰ ਦਾ
ਖ਼ਾਲਸਾ ਧਰਮ ਤੋਂ ਕਦੇ ਨਹੀਂ ਹਾਰਦਾ

ਸੂਬੇ ਨੇ ਕ੍ਰੋਧ ਨਾਲ ਕਿਹਾ, "ਤਾਰੂ ਸਿੰਘਾ! ਮੌਤ ਦੂਰੋਂ ਜਿੰਨੀ ਚੰਗੀ ਪਰਤੀਤ ਹੁੰਦੀ ਹੈ, ਨੇੜੇ ਆਉਣ 'ਤੇ ਓਨੀ ਹੀ ਡਰਾਉਣੀ ਹੋ ਜਾਇਆ ਕਰਦੀ ਹੈ। ਆ, ਜੁਆਨੀ 'ਤੇ ਤਰਸ ਕਰ, ਨਾਹੱਕ ਜਾਨ ਨਾ ਗੁਆ। ਇਸਲਾਮ ਕਬੂਲ ਕਰ ਲਵੇਂ, ਤਾਂ ਸਾਰੇ ਸੁਖ ਦੁਨੀਆਂ ਦੇ ਹਾਜ਼ਰ ਕਰ ਦਿਆਂਗਾ। ਨਹੀਂ ਤਾਂ ਯਾਦ ਰੱਖ, ਸਦਾ ਵਾਸਤੇ ਮਿਟਾ ਦਿਆਂਗਾ।"

ਵਾਰ

ਸੂਬਾ ਆਖਦਾ, ਸਮਝ ਜਾ ਮੂਰਖਾ
ਜ਼ਿਦ ਕਰ ਕਿਉਂ ਗੁਆਉਨਾ ਏਂ ਜਾਨ
ਅਜੇ ਵੇਲਾ ਈ ਕਬੂਲ ਲੈ ਦੀਨ ਉਏ
ਲੈ ਆ ਰੱਬ ਦੇ ਰਸੂਲ 'ਤੇ ਈਮਾਨ
ਤੈਨੂੰ ਸਿੱਖੀ ਨੇ ਲੰਘਾਉਣਾ ਪਾਰ ਨਹੀਂ
ਕੁਫ਼ਰ ਛੱਡ ਦੇ ਹੋ ਜਾ ਮੁਸਲਮਾਨ
ਮੈਨੂੰ ਤਰਸ ਤੇਰੇ 'ਤੇ ਆਉਂਦਾ
ਸੋਹਣਾ ਗੱਭਰੂ ਤੂੰ ਉਮਰ ਜਵਾਨ
ਮਨ ਭਾਉਂਦੀਆਂ ਉਏ ਖ਼ੁਸ਼ੀਆਂ ਮਾਣ ਲੈ
ਦੂਜੀ ਵਾਰ ਕਿਸੇ ਡਿੱਠਾ ਨਹੀਂ ਜਹਾਨ
ਥਾਪ ਦੇਵਾਂ ਸਰਦਾਰ ਤੈਨੂੰ ਕੁੱਲ 'ਤੇ
ਨਿਉਂ ਨਿਉਂ ਕਰਨ ਸਲਾਮਾਂ ਖ਼ਾਨ
ਤੈਨੂੰ ਚੁਣਵੀਆਂ ਵਿਆਹ ਦਿਆਂ ਬੇਗਮਾਂ
ਪਰੀਆਂ ਸਾਮ੍ਹਣੇ ਜਿੰਨ੍ਹਾਂ ਦੇ ਸ਼ਰਮਾਨ

'ਸਿੱਖੀ, ਸਿੱਖੀ' ਕੂਕ ਮੌਤ ਸਹੇੜ ਨਾ
ਮੇਰਾ ਪੱਥਰ 'ਤੇ ਲੀਕ ਫ਼ੁਰਮਾਨ
ਨਹੀਂ ਤਾਂ ਵਾਂਗਰਾਂ ਭਰਾਵਾਂ ਹੋਰਨਾਂ
ਜਾਸੇਂ ਮਾਰਿਆ, ਝੱਲੂ ਦੁਖ ਜਾਨ
ਗੰਨੇ ਵਾਂਗਰਾਂ ਜੱਲਾਦ ਪੀੜ 'ਸੀਤਲਾ'
ਕੱਢ ਹੱਡਾਂ ਵਿਚੋਂ ਲੈਣਗੇ ਪਰਾਨ

ਤਾਰੂ ਸਿੰਘ ਜੀ ਨੇ ਉੱਤਰ ਦਿੱਤਾ, "ਖ਼ਾਨ ਬਹਾਦਰ! ਮੌਤ ਸਦਾ ਮੁਰਦਿਆਂ ਵਾਸਤੇ ਹੈ, ਜਿਉਂਦਿਆਂ ਵਾਸਤੇ ਨਹੀਂ। ਸਿੱਖ ਸਦਾ ਜ਼ਿੰਦਗੀ ਵਿਚ ਵੱਸਣ ਵਾਲਾ ਹੈ, ਸਗੋਂ ਸਿੱਖ ਦੀ ਤਾਂ ਜ਼ਿੰਦਗੀ ਹੀ ਮੌਤ ਤੋਂ ਆਰੰਭ ਹੁੰਦੀ ਹੈ।

"ਮੌਤ ਉਹਲੇ ਜ਼ਿੰਦਗੀ ਦਾ ਸੋਮਾ, ਜਿੰਨ੍ਹਾਂ ਲੱਭ ਲਿਆ,
ਉਹਨਾਂ ਅੱਗੇ ਗੱਲ ਕਿਹੜੀ ਹੈ ਜੇ ਸੀਸ ਵਾਰਨੇ"*

"ਸੋ, ਅਸਾਂ ਤਾਂ ਜ਼ਿੰਦਗੀ ਹੀ ਮੌਤ ਵਿਚੋਂ ਪਰਾਪਤ ਕੀਤੀ ਹੈ। ਸਾਨੂੰ ਤੇਰੇ ਡਰਾਵੇ ਕੀ ਕਹਿੰਦੇ ਨੇ। ਖ਼ਾਲਸਾ ਹਾਜ਼ਰ ਹੈ।"

ਇਕ ਪਾਸਿਓਂ ਭਾਈ ਤਾਰੂ ਸਿੰਘ ਜੀ ਤੇ ਇਕ ਪਾਸਿਓਂ ਸੂਬਾ ਖ਼ਾਨ ਬਹਾਦਰ, ਆਹਮੋ ਸਾਮ੍ਹਣੇ ਸਵਾਲ ਜਵਾਬ ਕਰਦੇ ਹਨ :

ਨਵੀਨ ਛੰਦ

ਤਾਰੂ ਸਿੰਘ :- ਅੱਗੋਂ ਸਿੰਘ ਨੇ ਆਖ ਸੁਣਾਇਆ
ਮੈਨੂੰ ਜਾਨੋਂ ਧਰਮ ਪਿਆਰਾ
ਕਿਉਂ ਚਿਰ ਸੂਬੇ ਤੂੰ ਲਾਇਆ
ਮੇਰੇ ਸਿਰ 'ਤੇ ਧਰ ਦੇ ਆਰਾ
ਮੈਂ ਕਲਗੀਧਰ ਦਾ ਜਾਇਆ
ਲੂੰ ਲੂੰ ਰਚਿਆ ਅੰਮ੍ਰਿਤ ਨਿਆਰਾ
ਦੁੱਖ ਦੇ ਲੈ ਜੋ ਦਿਲ ਆਇਆ
ਮੈਂ ਨਹੀਂ ਮੰਨਣਾ ਦੀਨ ਤੁਮ੍ਹਾਰਾ

* ਪੂਰੀ ਕਵਿਤਾ ਪੜ੍ਹਨੀ ਹੋਵੇ ਤਾਂ 'ਵਹਿੰਦੇ ਹੰਝੂ' ਵੇਖੋ।

ਤੂੰ ਕਰ ਲੈ ਜੋ ਦਿਲ ਆਵੇ
ਨਾ ਕਸਰ ਕੋਈ ਰਹਿ ਜਾਵੇ
ਜੋ 'ਸੀਤਲ' ਕਿਸੇ ਨੂੰ ਦੁਖਾਵੇ
ਸੋ ਕੀਤੀ ਦਾ ਫਲ ਪਾਵੇ
ਅੱਗੇ ਰੱਬ ਅਦਾਲਤ ਕਰਦਾ
ਪਕੜ ਗੁਨਾਹੀਆਂ ਨਰਕੀਂ ਪਾਵੰਦਾ

ਸੂਬਾ :- ਮੈਂ ਆਕੜ ਤੇਰੀ ਲਾਹਵਾਂ
ਤਾਰੂ ਸਿੰਘਾ! (ਸੂਬਾ ਕਹਿੰਦਾ)
ਤੈਨੂੰ ਸੂਲੀ ਪਕੜ ਚੜ੍ਹਾਵਾਂ
ਜਿਉਂ ਮਨਸੂਰ ਹੁਲਾਰੇ ਲੈਂਦਾ
ਕਰ ਪੁੱਠਾ ਖੱਲੜੀ ਲਾਹਵਾਂ
ਤੈਨੂੰ ਵੇਖੂੰ ਸਾਬਤ ਰਹਿੰਦਾ
ਨਾਲ ਕਮਚਾਂ ਮਾਸ ਤੁੜਾਵਾਂ
ਦੁਨੀਆਂ ਵੇਖੂ ਦੁਖੜੇ ਸਹਿੰਦਾ
ਤੇਰੀ ਜਾਨ ਕੱਢਾਂ ਤਰਸਾ ਕੇ
ਤੈਨੂੰ ਸਾੜਾਂ ਅੱਗ ਵਿਚ ਪਾ ਕੇ
ਜਾ, ਲੈ ਆ ਕੋਈ ਬੁਲਾ ਕੇ
ਜੋ ਲੈ ਜੇ ਆਣ ਛੁਡਾ ਕੇ
ਓ ਮੈਂ ਆਪ ਅਦਾਲਤ ਕਰਦਾ
ਚੁਣ ਚੁਣ ਮਾਰਾਂ ਸਿੱਖਾਂ ਕਾਫਰਾਂ

ਤਾਰੂ ਸਿੰਘ :- ਕਿਉਂ ਦੇਰ ਸੂਬਿਆ ਲਾਵੇਂ
ਕੇਰਾਂ ਕਹਿ ਲੈ ਜੋ ਕੁਝ ਕਹਿਣਾ
ਮੈਨੂੰ ਕੀ ਦੁਖ ਦੱਸ ਡਰਾਵੇਂ
ਮੈਂ ਤਾਂ ਮੰਨਿਆਂ ਸਭ ਕੁਛ ਸਹਿਣਾ
ਕਿਸ ਗੱਲ 'ਤੇ ਜ਼ੁਲਮ ਕਮਾਵੇਂ
ਬੁਰਜ ਦੇਹੀ ਦਾ ਇਕ ਦਿਨ ਢਹਿਣਾ
ਜਿਉਂ ਬੱਦਲਾਂ ਦੇ ਪਰਛਾਂਵੇਂ
ਰਾਜ ਹਕੂਮਤ ਕੁਝ ਨਹੀਂ ਰਹਿਣਾ

ਕਿਉਂ ਜ਼ਾਲਮ ਜ਼ੁਲਮ ਕਮਾਉਨੈਂ
ਫੜ ਸੰਤ ਅਨਾਥ ਸਤਾਉਨੈਂ
ਜੜ੍ਹ ਆਪਣੀ ਆਪ ਪੁਟਾਉਨੈਂ
ਗਲ ਫਾਹ ਜਮਾਂ ਦੇ ਪਾਉਨੈਂ
ਅੱਗੇ ਰੱਬ ਅਦਾਲਤ ਕਰਦਾ
ਪਕੜ ਗੁਨਾਹੀਆਂ ਨਰਕੀਂ ਪਾਵੰਦਾ

ਸੂਬਾ :- ਫਿਰ ਝੱਟ ਜੱਲਾਦ ਬੁਲਾ ਕੇ
ਕਹਿੰਦਾ : ਸਿੰਘ ਨੂੰ ਖ਼ੂਬ ਸਜ਼ਾ ਦੇ
ਇਹਨੂੰ ਚਰਖੀ ਉਤੇ ਚੜ੍ਹਾ ਕੇ
ਲਾ ਬਲ ਸਾਰਾ ਚੱਕਰ ਭੁਆ ਦੇ
ਨਾਲ ਕਮਚਾਂ ਮਾਸ ਉਡਾ ਕੇ
ਧਰਮ ਰੱਖਣ ਦਾ ਸੁਆਦ ਚਖਾ ਦੇ
ਤੱਤੀ ਸੀਖਾਂ ਪਿੰਡੇ ਲਾ ਕੇ
ਸੁੰਦਰ ਦੇਹੀ ਸਾੜ ਗੁਆ ਦੇ
ਕਰ ਉਹ ਇਹਦੇ ਨਾਲ ਕਾਰਾ
ਜਿਨੂੰ ਯਾਦ ਰੱਖੇ ਜੱਗ ਸਾਰਾ
ਇਹ 'ਸੀਤਲ' ਕੌਣ ਵਿਚਾਰਾ
ਇਹ ਕਦ ਤਕ ਕਰੂ ਸਹਾਰਾ
ਓ ਮੈਂ ਆਪ ਅਦਾਲਤ ਕਰਦਾ
ਚੁਣ ਚੁਣ ਮਾਰਾਂ ਸਿੱਖਾਂ ਕਾਫ਼ਰਾਂ

ਸੂਬੇ ਨੇ ਕੜਕ ਕੇ ਕਿਹਾ, " ਤਾਰੂ ਸਿੰਘਾ! ਚਰਖੜੀ 'ਤੇ ਚੜ੍ਹਨ ਵਾਸਤੇ ਤਿਆਰ ਹੋ ਜਾ।"

ਤਾਰੂ ਸਿੰਘ ਨੇ ਉੱਤਰ ਦਿਤਾ, "ਖਾਲਸਾ ਤਿਆਰ-ਬਰ ਤਿਆਰ ਹੈ। ਤੇਰਾ ਖ਼ੁਦਾ ਇਸ ਵਿਚ ਰਾਜ਼ੀ ਹੈ, ਕਿ ਤੂੰ ਬੇਗੁਨਾਹਾਂ ਦਾ ਖ਼ੂਨ ਡੋਲ੍ਹੀ ਜਾਵੇਂ। ਤੇ ਮੇਰਾ ਪਿਆਰਾ ਇਸ ਗੱਲ 'ਤੇ ਖ਼ੁਸ਼ ਹੈ, ਕਿ ਮੈਂ ਅਣਖ ਤੇ ਦੇਸ ਦੀ ਖ਼ਾਤਰ ਆਪਣਾ ਆਪ ਕੁਰਬਾਨ ਕਰ ਦਿਆਂ। ਤੂੰ ਚਰਖੜੀ ਚੜ੍ਹਾਉਣ ਵਾਸਤੇ, ਤੇ ਮੈਂ ਚਰਖੜੀ ਚੜ੍ਹਨ ਵਾਸਤੇ ਤਿਆਰ ਹਾਂ। ਜਿਸ ਚਰਖੀ ਨੇ ਮੇਰਾ ਸਿਦਕ ਪਰਖਣਾ ਹੈ, ਜੇ ਕਹੇਂ, ਤਾਂ ਪਹਿਲਾਂ ਇਹਨੂੰ ਛੂਹ ਕੇ ਵੇਖ ਲਵਾਂ?"

ਸੂਬੇ ਦੇ ਦਿਲ ਵਿਚ ਖ਼ਿਆਲ ਆਇਆ, 'ਇਹ ਚਰਖੀ ਦੇ ਤੇਜ਼ ਦੰਦਿਆਂ ਨੂੰ ਛੋਹੇਗਾ, ਤਾਂ ਡਰ ਪੈਦਾ ਹੋਵੇਗਾ।' ਉਸ ਨੇ ਕਿਹਾ, "ਹਾਂ ਵੇਖ ਲੈ।"

ਭਾਈ ਤਾਰੂ ਸਿੰਘ ਜੀ ਨੇ ਦੰਦਿਆਂ ਦੇ ਉਲਟੇ ਰੁਕ ਹੱਥ ਫੇਰਿਆ, ਤੇ ਕਿਹਾ, "ਤੇਰੀ ਚਰਖੀ ਤਾਂ ਪੋਹੰਦੀ ਤਕ ਨਹੀਂ। ਇਸ 'ਤੇ ਚੜ੍ਹਾ ਕੇ ਕੀ ਕਰੇਂਗਾ?"

ਸੂਬੇ ਨੇ ਕਿਹਾ, "ਪੁੱਠੇ ਰੁਕ ਨਹੀਂ, ਜ਼ਰਾ ਦੰਦਿਆਂ ਦੇ ਸਿੱਧੇ ਰੁਕ ਹੱਥ ਫੇਰ, ਤਾਕਿ ਪਤਾ ਲੱਗੇ, ਕਿ ਚਰਖੀ ਕੀ ਚੀਜ਼ ਹੈ।"

ਸਿੰਘ ਸਾਹਿਬ ਨੇ ਸਿੱਧੇ ਰੁਕ ਹੱਥ ਫੇਰਿਆ। ਹੱਥ ਜ਼ਰਾ ਅਟਕ ਅਟਕ ਕੇ ਚੱਲਿਆ। ਤਾਰੂ ਸਿੰਘ ਨੇ ਹੱਸ ਕੇ ਕਿਹਾ, "ਖਾਨ ਬਹਾਦਰ! ਤੇਰੀ ਚਰਖੀ ਕਦੇ ਬੜੀ ਚੰਗੀ ਤੇ ਸੁੰਦਰ ਹੋਵੇਗੀ। ਭਾਗਾਂ ਵਾਲੇ ਉਹ ਸਨ, ਜੋ ਪਹਿਲਾਂ ਪਹਿਲਾਂ ਮੌਜਾਂ ਮਾਣ ਗਏ। ਅਫ਼ਸੋਸ, ਤਾਰੂ ਸਿੰਘ ਦੀ ਵਾਰੀ ਆਈ ਹੈ, ਤਾਂ ਚਰਖੀ ਦੇ ਦੰਦੇ ਮਜ਼ਲੂਮਾਂ ਤੇ ਬੇਗੁਨਾਹ ਦੀ ਰੱਤ ਜੰਮ ਜੰਮ ਕੇ ਖੁੰਢੇ ਹੋ ਚੁੱਕੇ ਹਨ। ਇਹਨਾਂ ਖੁੰਢੇ ਦੰਦਿਆਂ ਵਾਲੀ ਚਰਖੀ 'ਤੇ ਚੜ੍ਹਨ ਦਾ ਵੀ ਕੋਈ ਸੁਆਦ ਹੈ? ਇਹਨਾਂ ਨੂੰ ਜ਼ਰਾ ਤੇਜ਼ ਤਾਂ ਕਰ ਲੈ। ਐ ਜੱਲਾਦ! ਤੇਰੀ ਛੁਰੀ ਥੱਲੇ ਹਲਾਲ ਹੋਣਾ ਹੈ, ਪਰ ਇਹਨੂੰ ਜ਼ਰਾ ਤੇਜ਼ ਤਾਂ ਕਰ ਲੈ। ਖੁੰਢੀ ਛੁਰੀ ਨਾਲ ਹਲਾਲ ਹੋਣ ਦਾ ਵੀ ਕੋਈ ਸੁਆਦ ਹੈ?"

ਸੂਬਾ :- "ਤਾਰੂ ਸਿੰਘਾ! ਇਹ ਚਾਹੁੰਦਾ ਏਂ, ਕਿ ਦੰਦੇ ਤੇਜ਼ ਕਰਨ ਦੇ ਬਹਾਨੇ ਏਸ ਦੁੱਖ ਤੋਂ ਕੁਝ ਚਿਰ ਲਈ ਹੋਰ ਬਚ ਜਾਏਂ?"

ਤਾਰੂ ਸਿੰਘ :- "ਨਹੀਂ ਮੈਂ ਵੀ ਕੁਝ ਤਿਆਰੀ ਕਰਨਾ ਚਾਹੁੰਦਾ ਹਾਂ। ਜਿੰਨਾ ਚਿਰ ਦੋਵੇਂ ਧਿਰਾਂ ਤਿਆਰ ਨਾ ਹੋਣ, ਮੁਕਾਬਲੇ ਦਾ ਕੀ ਅਨੰਦ? ਤੂੰ ਦੰਦੇ ਤੇਜ਼ ਕਰ ਲੈ, ਮੈਂ ਆਪਣਾ ਦਿਲ ਤੇਜ਼ ਕਰ ਲਵਾਂ।"

ਸੂਬਾ :- "ਚਰਖੀ ਦੇ ਦੰਦੇ ਤਾਂ ਸਾਣ ਜਾਂ ਟਕੋਰੇ ਨਾਲ ਤੇਜ਼ ਕੀਤੇ ਜਾਣਗੇ, ਪਰ ਦਿਲ ਕਿਸ ਚੀਜ਼ ਨਾਲ ਤੇਜ਼ ਕਰੇਂਗਾ?"

ਤਾਰੂ ਸਿੰਘ :- "ਜੇ ਚਰਖੀ ਦੇ ਦੰਦੇ ਸਾਣ ਜਾਂ ਟਕੋਰੇ 'ਤੇ ਲਾਇਆਂ ਤੇਜ਼ ਹੋ ਸਕਦੇ ਨੇ, ਤਾਂ ਸਿੱਖ ਦਾ ਦਿਲ ਗੁਰੂ ਨਾਨਕ ਦੀ ਬਾਣੀ 'ਤੇ ਲਾਇਆਂ ਤੇਜ਼ ਹੋ ਸਕਦਾ ਹੈ। ਤੂੰ ਚਰਖੀ ਨੂੰ ਸਾਣ 'ਤੇ ਲਾ ਲੈ, ਮੈਂ ਦਿਲ ਨੂੰ 'ਜਪੁਜੀ' 'ਤੇ ਲਾ ਲਵਾਂ।"

ਪਾਠ ਕਰ ਕੇ, ਕਿਸੇ ਜਲਾਲ ਵਿਚ ਆ ਕੇ ਸਿੱਖ ਨੇ ਕਿਹਾ,

"ਇਧਰ ਆ ਓ ਜ਼ਾਲਮ! ਹੁਨਰ ਆਜ਼ਮਾਏਂ,
ਤੂ ਤੀਰ ਆਜ਼ਮਾ, ਹਮ ਜਿਗਰ ਆਜ਼ਮਾਏਂ।"

'ਚਲੋ ਸਹੀਓ! ਰਲ ਵੇਖ ਆਵਹਿ, ਆਸ਼ਕ ਸੂਲੀ ਚੜ੍ਹਦਾ ਏ।' ਅੱਲਾਹ ਦਾ ਪਿਆਰਾ ਚਰਖੀ ਚੜ੍ਹ ਰਿਹਾ ਹੈ।

ਗੱਡੀ

ਤਾਰੂ ਸਿੰਘ ਨੂੰ ਜੱਲਾਦਾਂ ਫੜਿਆ
ਸੂਬੇ ਦਾ ਹੁਕਮ ਸੁਣ ਕੇ
ਚਾੜ੍ਹ ਚਰਖੀ ਬੇਦੋਸੇ ਸਿੰਘ ਤਾਈਂ
ਜ਼ੋਰ ਨਾ ਭੁਆਈ ਜ਼ਾਲਮਾਂ
ਦੰਦੇ ਚਰਖੀ ਦੇ ਤਿੱਖੇ ਆਰੇ ਵਾਂਗ ਜੋ
ਦੇਹੀ ਵਿਚ ਜਾਣ ਧਸਦੇ
ਵਾਂਗ ਤੂੰਬਿਆਂ ਸਰੀਰੋਂ ਮਾਸ ਉਡਿਆ
ਖ਼ੂਨ ਦੇ ਫੁਹਾਰੇ ਚਲ ਪਏ
ਆਇਆ ਚੱਕਰ ਸਰੀਰ ਦੇ ਉਦਾਲੇ
ਰੂੰ ਵਾਂਗ ਪਿੰਜ ਛਡਿਆ
ਲੱਛਾ ਰੇਸ਼ਮੀ ਸਰੀਰ ਦੁੱਧੀਂ ਪਾਲਿਆ
ਨਾਸ ਕਰ ਦਿਤਾ ਜ਼ਾਲਮਾਂ
ਸਿੰਘ ਹੋਇਕੇ ਬੇਹੋਸ਼ ਜਦੋਂ ਡਿਗਿਆ
ਓਦੋਂ ਛੱਡਿਆ ਜੱਲਾਦ ਨੇ
ਰੋਇ ਜ਼ਾਰ ਜ਼ਾਰ ਲਾਹਮ ਜਿਹੜੇ ਵੇਖਦੇ
ਸਿੰਘ ਮੂੰਹੋਂ 'ਸੀ' ਨਾ ਕਹੀ
ਆਈ ਹੋਸ਼ ਫੇਰ ਤਾਰੂ ਸਿੰਘ ਉਠ ਕੇ
ਮੂੰਹੋਂ ਕਿਹਾ, "ਧੰਨ ਵਾਹਿਗੁਰੂ!"
ਕਹਿੰਦਾ : "ਸੂਬਿਆ! ਅਨੰਦ ਬੜਾ ਆਇਆ
ਚਰਖੀ ਦੇ ਦੰਦਿਆਂ 'ਚੋਂ
ਇਹ ਤਾਂ ਕਸਮ ਏਂ ਸੁਰਗ ਦੇ ਝੂਟੇ
ਵੇਖ 'ਕੇਰਾਂ ਆਪ ਚੜ੍ਹ ਕੇ"
ਸੂਬਾ ਆਖਦਾ ਕ੍ਰੋਧ ਨਾਂ ਜੱਲਾਦ ਨੂੰ

ਸੂਬੇ ਨੂੰ ਅੱਗ ਲੱਗ ਉਠੀ। ਉਹਨੇ ਹੁਕਮ ਦੇ ਦਿੱਤਾ। ਜੱਲਾਦ ਨੇ ਅੱਖਰ ਅੱਖਰ ਪੂਰਾ ਕਰ ਦਿੱਤਾ। ਜ਼ੰਬੂਰਾਂ ਨਾਲ ਮਾਸ ਤੋੜਿਆ। ਲੋਹੇ ਦੀਆਂ ਸੀਖਾਂ ਤਪਾ ਕੇ ਲਾਈਆਂ। ਸਾਰੀ ਲੱਗਦੀ ਵਾਹ ਲਾਈ ਗਈ, ਪਰ ਸਿੰਘ ਸਾਹਿਬ ਧਰਮੋਂ ਨਾ ਡੋਲੇ, ਤਾਂ ਸੂਬੇ ਨੇ ਆਖ਼ਰੀ ਵਾਰ ਸਮਝਾਉਣਾ ਚਾਹਿਆ। ਇਕ ਪਾਸਿਓਂ ਸੂਬਾ, ਇਕ ਪਾਸਿਓਂ ਸਿੰਘ ਸਾਹਿਬ, ਆਹਮੋ ਸਾਮ੍ਹਣੇ ਸਵਾਲ ਜਵਾਬ ਕਰਦੇ ਹਨ :

ਝੋਕ

ਸੂਬਾ :- ਆਖਦਾ ਸੂਬਾ, ਕਾਹਨੂੰ ਦੁਖੜੇ ਉਠਾਉਨਾ ਏਂ
ਕਿਹੜੀ ਗੱਲ ਪਿੱਛੇ ਲੱਗਾ ਜਾਨ ਗੁਆਉਨਾ ਏਂ
ਮੱਖਣਾਂ ਨਾਲ ਪਾਲੀ ਦੇਹੀ ਖ਼ਾਕ ਰੁਲਾਉਨਾ ਏਂ
ਜੋਬਨ ਰਸ ਭਰੀ ਜੁਆਨੀ ਕਾਲ-ਮੂੰਹ ਪਾਉਨਾ ਏਂ
ਛੱਡ ਦੇਹ ਹਠ ਮੂਰਖ ਸਿੱਖਾ, ਮਾਰਿਆ ਜਾਵੇਂਗਾ
ਮੰਨ ਲੈ ਇਸਲਾਮ, ਨਹੀਂ ਤਾ ਫੇਰ ਪਛਤਾਵੇਂਗਾ
ਉਇ, ਮੰਨ ਲੈ ਇਸਲਾਮ, ਕਮਲਿਆ!

ਤਾਰੂ ਸਿੰਘ :- ਤਾਰੂ ਸਿੰਘ ਕਹਿੰਦਾ, ਹੁਣ ਨਹੀਂ ਲੋੜ ਸਮਝਾਉਣ ਦੀ
ਤੈਨੂੰ ਹੈ ਜਾਚ, ਸੂਬੇ! ਜ਼ੁਲਮ ਕਮਾਉਣ ਦੀ
ਸਾਡੇ ਵਿਚ ਸ਼ਕਤੀ—ਝੱਲ ਕੇ—ਸਿਦਕ ਨਿਭਾਉਣ ਦੀ
ਖ਼ਾਹਸ਼ ਨਹੀਂ, ਸਿੱਖੀ ਛੱਡਕੇ, ਰੁਤਬੇ ਜੱਗ ਪਾਉਣ ਦੀ
ਹਸ ਹਸ ਕੇ ਵਾਰ ਝੱਲਾਂਗਾ ਤੇਰੀ ਤਲਵਾਰ ਦਾ
ਧਰਮੋਂ ਨਾ ਡੋਲੇਗਾ ਸਿੰਘ ਦਸਵੇਂ ਅਵਤਾਰ ਦਾ
ਉਇ, ਧਰਮੋਂ ਨਾ ਡੋਲੇ, ਮੂਰਖਾ!

ਸੂਬਾ :- ਵੇਖ ਜੁਆਨੀ ਤੇਰੀ ਝੱਲੀ ਨਾ ਜਾਵੇ ਉਇ
ਮਾਰ ਦਿਆਂ ਤੈਨੂੰ, ਇਹ ਦਿਲ ਮੇਰਾ ਨਾ ਚਾਹਵੇ ਉਇ
ਮਰ ਜੂ ਮਾਂ ਰੋਂਦੀ ਤੇਰੀ ਭੈਣ ਕੁਰਲਾਵੇ ਉਇ
ਤਰਸ ਨਾ ਬੇਦਰਦਾ! ਤੈਨੂੰ ਉਹਨਾਂ 'ਤੇ ਆਵੇ ਉਇ
ਆਉਂਦੀ ਨਹੀਂ ਸਮਝ, ਸਿੱਖੀ 'ਚੋਂ ਕੀ ਫਲ ਤੂੰ ਪਾਵੇਂਗਾ
ਮੰਨ ਲੈ ਇਸਲਾਮ, ਨਹੀਂ ਤਾਂ ਫੇਰ ਪਛਤਾਵੇਂਗਾ
ਉਇ ਮੰਨ ਲੈ ਇਸਲਾਮ ਕਮਲਿਆ!

"ਕਮਚਾਂ ਨਾਂ ਤੋੜੋ ਬੋਟੀਆਂ"
ਨਾਲ ਥੰਮ੍ਹ ਦੇ ਜੱਲਾਦਾਂ ਬੰਨ੍ਹਿਆਂ
ਤਾਰੂ ਸਿੰਘ ਸੂਰਮੇ ਨੂੰ
ਉਹਦੇ ਉਡੇ ਹੋਏ ਸਰੀਰ ਦੀਆਂ ਬੋਟੀਆਂ
ਤੋੜਦੇ ਜ਼ੰਬੂਰਾਂ ਨਾਲ ਨੇ
ਲਾਲ ਕਰਕੇ ਲੋਹੇ ਦੀਆਂ ਸੀਖਾਂ
ਲਾਉਂਦੇ ਫੱਟੇ ਹੋਏ ਸਰੀਰ 'ਤੇ
ਲੂਹ ਸੁੱਟਿਆ ਸਰੀਰ ਸਾਰਾ ਸਿੰਘ ਦਾ
—ਹਾਇ—ਪਾਪੀਆਂ ਬੇਦਰਦਾਂ
'ਸੀ' ਨਿਕਲੀ ਨਾ 'ਹਾਏ' ਮੂੰਹੋਂ ਬੋਲਿਆ
ਧੰਨ ਜੇਰਾ ਤਾਰੂ ਸਿੰਘ ਦਾ
ਅੰਤ ਹੋਇਕੇ ਬੇਹੋਸ਼ ਫੇਰ ਡਿੱਗਿਆ
ਡਿੱਗਦਾ ਵੀ 'ਧੰਨ ਵਾਹਿਗੁਰੂ'
ਬੋਲਿਆ! **ਬੋਲਿਆ**!!
'ਸੀਤਲ' ਜੀ **ਸਿੱਖ ਧਰਮੋਂ** ਨਹੀਂ ਜੇ ਡੋਲਿਆ

ਸਿੰਘ ਸਾਹਿਬ ਬੇਹੋਸ਼ ਹੋ ਕੇ ਡਿੱਗ ਪਏ। ਕੁਝ ਚਿਰ ਪਿਛੋਂ ਉਹਨਾਂ ਨੂੰ ਹੋਸ਼ ਆਈ, ਤਾਂ ਸੂਬੇ ਨੇ ਪੁੱਛਿਆ, "ਕਿਉਂ, ਕੁਝ ਸੁਆਦ ਆਇਆ ਚਰਖੀ ਦਾ?"

"ਚਰਖੀ ਦਾ ਸੁਆਦ?" ਤਾਰੂ ਸਿੰਘ ਨੇ ਕਿਹਾ, "ਤੂੰ ਏਸ ਅਨੰਦ ਨੂੰ ਕੀ ਜਾਣੇ?

'ਸਰਮਦਾ! ਗ਼ਮਿ ਇਸ਼ਕ ਬੁੱਲਹਵਸ ਰਾ ਨ ਦਹਿੰਦ।
ਸੋਜ਼ਿ ਪਰੇ ਪਰਵਾਨਾ ਮਗਸ ਰਾ ਨ ਦਹਿੰਦ।'

(ਐ ਸਰਮਦ! ਇਸ਼ਕ ਦਾ ਗ਼ਮ ਹਿਰਸ ਦੇ ਗ਼ੁਲਾਮ ਬੰਦਿਆਂ ਨੂੰ ਨਾ ਦਿਹ। ਪਰਵਾਨੇ ਦੇ ਪਰ ਸੜਨ ਦਾ ਸੁਆਦ ਮੱਖੀਆਂ ਨੂੰ (ਨਾ ਦਿਹ) ਨਹੀਂ ਆਉਂਦਾ।)

'ਲਾਗੀ ਹੋਇ, ਸੁ ਜਾਨੈ ਪੀਰ।
ਰਾਮ ਭਗਤਿ ਅਨੀਆਲੇ ਤੀਰ।'

ਚਰਖੀ ਦੇ ਸੁਆਦ ਨੂੰ ਕੋਈ ਆਸ਼ਕ ਸਾਦਕ ਹੀ ਜਾਣਦਾ ਹੈ। ਕੋਈ ਅਨੰਦ ਲੈਣਾ ਹੈ, ਤਾਂ ਜ਼ਰਾ ਆਪ ਚਰਖੀ 'ਤੇ ਚੜ੍ਹ ਕੇ ਵੇਖ।"

ਤਾਰੂ ਸਿੰਘ :- ਮੇਰੇ 'ਤੇ ਕਾਹਨੂੰ ਸੂਬੇ ਰਹਿਮ ਕਮਾਉਨਾ ਏਂ?
ਅੱਗੇ ਨਹੀਂ ਬਾਲਕ, ਜੀਹਨੂੰ ਝਾਸੇ 'ਤੇ ਲਾਉਨਾ ਏਂ
ਕਾਇਰਾਂ ਜਿਹੀ ਸਿੱਖਿਆ ਮੈਨੂੰ ਕਾਹਨੂੰ ਸੁਣਾਉਨਾ ਏਂ
ਪਾਉਣੀ ਸ਼ਹੀਦੀ ਮੈਂ ਤਾਂ ਦੇਰ ਕਿਉਂ ਲਾਉਨਾ ਏਂ
ਰੋੜ੍ਹਨਾ ਬੇੜਾ ਤੇਰਾ ਜ਼ੁਲਮ ਹੰਕਾਰ ਦਾ
ਧਰਮੋਂ ਨਾ ਡੋਲੇਗਾ ਸਿੰਘ ਦਸਵੇਂ ਅਵਤਾਰ ਦਾ
ਉਇ, ਧਰਮੋਂ ਨਾ ਡੋਲੇ ਮੂਰਖਾ!

ਸੂਬਾ :- (ਸੁਣਕੇ, ਸੜ ਕਹਿੰਦਾ, ਸੂਬਾ) ਟੁਟਿਆ ਨਾ ਮਾਣ ਉਇ!
ਕਰਸਾਂ ਉਹ ਨਾਲ ਤੇਰੇ ਵੇਖੇ ਜਹਾਨ ਉਇ!
ਮੁੰਨ ਕੇ ਸਿਰ ਤੇਰਾ ਵੱਟਾਂ ਕੇਸਾਂ ਦਾ ਵਾਣ ਉਇ!
ਕਰ ਕੇ ਬੇਇੱਜ਼ਤ ਕੱਢਾਂ ਕਾਫ਼ਰ ਦੀ ਜਾਨ ਉਇ!
ਪਹਿਲੇ ਸਿੱਖਾਂ ਤੋਂ ਵਧਕੇ ਕਸ਼ਟ ਉਠਾਵੇਂਗਾ
ਮੰਨ ਲੈ ਇਸਲਾਮ ਨਹੀਂ ਤਾਂ ਫੇਰ ਪਛਤਾਵੇਂਗਾ
ਉਇ! ਮੰਨ ਲੈ ਇਸਲਾਮ ਕਮਲਿਆ!

ਤਾਰੂ ਸਿੰਘ :- ਰਹਿੰਦੀ ਹੈ ਬਾਕੀ ਜਿਹੜੀ, ਕੱਢ ਲੈ ਅਰਮਾਨ ਉਇ!
ਕੇਸਾਂ ਦੇ ਨਾਲ ਨਿਭੇਗੀ, ਸਿੱਖੀ ਦੀ ਸ਼ਾਨ ਉਇ!
ਜੁੱਤੀ ਦੇ ਅੱਗੇ ਤੈਨੂੰ ਲਾ ਕੇ ਮੈਂ ਖ਼ਾਨ ਉਇ!
ਚੱਲਣਾ ਦਰਗਾਹੇ, ਜਿੱਥੇ ਬੈਠਾ ਭਗਵਾਨ ਉਇ!
'ਸੀਤਲ' ਜੀ, ਸਤਿ ਕਰ ਮੰਨਣਾ, ਭਾਣਾ ਕਰਤਾਰ ਦਾ
ਧਰਮੋਂ ਨਾ ਡੋਲੇਗਾ ਸਿੰਘ ਦਸਵੇਂ ਅਵਤਾਰ ਦਾ
ਉਇ, ਧਰਮੋਂ ਨਾ ਡੋਲੇ, ਮੂਰਖਾ!

"ਐ ਜ਼ਾਲਮ ਖ਼ਾਨ ਬਹਾਦਰ!" ਭਾਈ ਤਾਰੂ ਸਿੰਘ ਜੀ ਨੇ ਕਿਹਾ, "ਮੇਰੇ ਗੁਰੂ-ਦਾਤਾ ਨੂੰ ਮਨਜ਼ੂਰ ਹੋਇਆ, ਤਾਂ ਮੇਰੀ ਸਿੱਖੀ ਤਾਂ ਕੇਸਾਂ ਸਵਾਸਾਂ ਨਾਲ ਨਿਭ ਜਾਏਗੀ, ਪਰ ਤੈਨੂੰ ਖ਼ਾਲਸੇ ਦੀ ਜੁੱਤੀ ਅੱਗੇ ਲੱਗ ਕੇ ਜਾਣਾ ਪਵੇਗਾ।"

ਸੁਣ ਕੇ ਸੂਬੇ ਦੇ ਕਾਲਜੇ ਅੱਗ ਲੱਗ ਉੱਠੀ। ਉਹਨੇ ਮੋਚੀ ਨੂੰ ਸੱਦ ਕੇ ਹੁਕਮ ਦੇ ਦਿੱਤਾ, "ਤਾਰੂ ਸਿੰਘ ਨੂੰ ਕੇਸਾਂ ਦਾ ਬਹੁਤ ਮਾਣ ਹੈ। ਸੋ, ਇਸ ਢੰਗ

ਨਾਲ ਇਹਦੇ ਕੇਸ ਉਤਾਰੋ, ਕਿ ਮੁੜ ਕੇ ਉੱਗ ਹੀ ਨਾ ਸਕਣ। ਰੰਬੀ ਨਾਲ ਸਣੇ ਕੇਸਾਂ ਖੋਪਰੀ ਉਡਾਂ ਦਿਹੋ।"

ਬੈਂਤ

ਸੂਬਾ ਸੁਣਦਿਆਂ ਸਾਰ ਸੜ ਹੋਇਆ ਕੋਲੇ
ਸੱਦ ਮੋਚੀ ਨੂੰ ਇਉਂ ਫ਼ੁਰਮਾਨ ਲੱਗਾ
ਬੜਾ ਕੇਸਾਂ ਦਾ ਮਾਣ ਹੈ ਖ਼ਾਲਸੇ ਨੂੰ
ਰੱਬ ਵਾਂਗ ਇਹ ਦਾਅਵੇ ਜਤਾਨ ਲੱਗਾ
ਕੇਸਾਂ ਸਣੇ ਤੂੰ ਖੋਪਰੀ ਲਾਹ ਇਹਦੀ
ਝੂਰੇ ਅੰਤ ਇਹ ਕਸ਼ਟ ਉਠਾਣ ਲੱਗਾ
ਪਾ ਕੇ ਸੂਬੇ ਦਾ ਹੁਕਮ ਫਿਰ ਝੱਟ ਮੋਚੀ
ਸਾਹਵੇਂ ਸਿੰਘ ਦੇ ਰੰਬੀਆਂ ਲਾਨ ਲੱਗਾ
ਕੇਸਾਂ ਸਣੇ ਸਿਰ ਦੀ ਸਾਰੀ ਖੋਪਰੀ ਹੀ
ਰੰਬੀ ਨਾਲ ਬੇਦਹਦ ਉਡਾਨ ਲੱਗਾ
ਖ਼ੂਨ ਸੋਮਿਆਂ ਦੇ ਵਾਂਗ ਫੁੱਟ ਤੁਰਿਆ
ਅੰਬਰ ਵੇਖ ਕੇ ਰੰਗ ਵਟਾਨ ਲੱਗਾ
ਸਿੰਘ ਸ਼ਿਵਾਂ ਜਿਉਂ ਚੌਂਕੜੀ ਲਾਈ ਬੈਠਾ
ਗੰਗਾ ਖ਼ੂਨ ਦੀ ਸਿਰੋਂ ਵਗਾਨ ਲੱਗਾ
'ਸੀਤਲ' ਵੇਖ ਕੇ ਸਿਦਕ ਗੁਰੂ ਲਾਡਲੇ ਦਾ
ਪਾਪੀ ਖ਼ਾਨ ਵੀ ਦਿਲੋਂ ਘਬਰਾਨ ਲੱਗਾ

ਸਣੇ ਕੇਸਾਂ, ਖੋਪਰੀ ਉਤਾਰ ਦਿੱਤੀ ਗਈ। ਆਸ਼ਕ ਨੇ ਪਿਆਰੇ ਦੀ ਭੇਟਾ ਖ਼ਾਤਰ ਖੋਪਰੀ ਦਾ ਕਾਸਾ ਬਣਾਂ ਲਿਆ। ਇਹ ਸਭ ਕੁਝ ਓਸ ਥਾਂ ਹੋਇਆ, ਜਿਸਨੂੰ 'ਸ਼ਹੀਦ ਗੰਜ ਸਿੰਘਣੀਆਂ' (ਲਾਹੌਰ, ਰੇਲਵੇ ਸਟੇਸ਼ਨ ਦੇ ਸਾਮ੍ਹਣੇ) ਕਹਿੰਦੇ ਹਨ। ਇਤਿਹਾਸ ਵਿਚ ਏਸ ਥਾਂ ਨੂੰ 'ਨਖ਼ਾਸ ਚੌਕ' ਲਿਖਿਆ ਹੈ। ਇਹ ਨਾਜ਼ਮ ਲਾਹੌਰ ਦੀ ਕਚਹਿਰੀ ਹੁੰਦੀ ਸੀ। ਇਸਦੇ ਉਦਾਲੇ ਡੂੰਘੀ ਖਾਈ ਹੁੰਦੀ ਸੀ, ਜਿਸ ਵਿਚ ਭਾਈ ਤਾਰੂ ਸਿੰਘ ਜੀ ਨੂੰ ਸੁੱਟ ਦਿੱਤਾ ਗਿਆ।

'ਸ਼ਮ੍ਹਾਂ ਭੀ ਜਲਤੀ ਰਹੀ ਪਰਵਾਨਾ ਜਲ ਜਾਨੇ ਕੇ ਬਾਅਦ।' ਸੂਬਾ ਘਬਰਾਂ ਕੇ ਹਰਮਾਂ ਨੂੰ ਉਠ ਗਿਆ। ਕੀਤੇ ਕਰਮਾਂ ਨੇ ਆ ਘੇਰਿਆ। ਸੂਬੇ ਨੂੰ ਪੇਸ਼ਾਬ ਦਾ

ਬੰਨ੍ਹ ਪੈ ਗਿਆ। ਬੜਾ ਇਲਾਜ ਕੀਤਾ, ਪਰ ਕੋਈ ਚਾਰਾ ਨਾ ਚੱਲਿਆ। ਅੰਤ ਸਰਦਾਰ ਸ਼ਬੇਗ ਸਿੰਘ ਜੀ ਨੂੰ ਪੰਥ ਪਾਸ ਮਾਫ਼ੀ ਮੰਗਣ ਵਾਸਤੇ ਭੇਜਿਆ ਗਿਆ।

ਵੇਖੀਏ, ਸਿੰਘ ਸਾਹਿਬ ਜੀ ਦਾ ਬਚਨ ਪੂਰਾ ਹੋਣ ਲੱਗਾ ਹੈ।

ਗੱਡੀ

ਵੇਖ ਸਿੰਘ ਦਾ ਸਿਦਕ ਸੂਬਾ ਕੰਬਿਆ
ਪਾਪੀ ਦਿਲ ਡੋਲ ਖਲਾ
ਝੱਟ ਉਠ ਕੇ ਹਰਮ ਨੂੰ ਆਇਆ
ਓਵੇਂ ਸੂਲ ਸ਼ੁਰੂ ਹੋ ਗਿਆ
ਬੰਨ੍ਹ ਪੈ ਗਿਆ ਪੇਸ਼ਾਬ ਦਾ ਭਾਰਾ
ਡ਼ਾਢੀ ਹੋ ਗਈ ਤੰਗ ਜਿੰਦੜੀ
ਦਾਰੂ ਕੋਈ ਨ ਕੱਟੇ ਦੁੱਖ ਤਾਈਂ
ਕਰ ਕਈ ਇਲ਼ਾਜ ਥੱਕਿਆ
ਕਹਿੰਦਾ, "ਲੈ ਗਿਆ ਸਰਾਪ ਮੈਨੂੰ ਸਿੰਘ ਦਾ
ਹੁਣ ਜਾਨ ਨਹੀਂ ਬਚਦੀ,
ਕੋਲ ਸੱਦ ਕੇ ਸ਼ਬੇਗ ਸਿੰਘ ਤਾਈਂ
ਪੱਲਾ ਗਲ ਪਾ ਕੇ ਆਖਦਾ
'ਸਿੰਘਾ! ਰੱਖ ਲੈ ਦੁਹਾਈ ਦਸਮੇਸ਼ ਦੀ
ਹੋ ਰਹਾਂਗਾ ਗ਼ੁਲਾਮ ਪੰਥ ਦਾ'
ਹਰੀਮੰਦਰ ਬੇਨਤੀ ਕੀਤੀ
ਸੂਬੇ ਲਈ ਸ਼ਬੇਗ ਸਿੰਘ ਨੇ
ਲੈ ਕੇ ਆਗਿਆ ਪੰਥ ਦੀ ਮੁੜਿਆ
ਸੂਬੇ ਤਾਈਂ ਆਣ ਦੱਸਿਆ
ਕਹਿੰਦਾ 'ਜਾਨ ਤਾਂ ਬਚੂ ਨਾ ਖ਼ਾਨ ਜੀ
ਦੁੱਖ ਕੁਝ ਘਟ ਸਕਦੈ
'ਤਾਰੂ ਸਿੰਘ ਦੇ ਪੈਰ ਦਾ ਜੋੜਾ
ਤੇਰੇ ਸਿਰ ਲਾਇਆਂ ਖ਼ਾਨ ਜੀ

ਆ ਜਾਵੇਗਾ ਪੇਸ਼ਾਬ ਕੁਝ ਖੁੱਲ੍ਹ ਕੇ
ਇਹ ਹੈ ਤਜਵੀਜ਼ ਪੰਥ ਦੀ
ਚਾਰਾ ਹੋਰ ਨਾ ਨਜ਼ਰ ਕੋਈ ਆਵੇ
ਅੱਗੋ ਜਿਉਂ ਦਲੀਲ ਆਪ ਦੀ'
ਸੂਬਾ ਆਖਦਾ, 'ਸਿੰਘਾਂ ਨੇ ਜਿਵੇਂ ਦੱਸਿਆ
ਕਰੋ ਝੱਟ, ਲਾਵੋ ਦੇਰ ਨਾ'
ਤਾਰੂ ਸਿੰਘ ਦੀ ਜੁੱਤੀ ਫੇਰ ਲਿਆ ਕੇ
ਤਾੜ ਤਾੜ ਮਾਰੀ ਖ਼ਾਨ ਦੇ
ਜਿਉਂ ਜਿਉਂ ਵੱਜਦੀ ਪੇਸ਼ਾਬ ਆਉਂਦਾ ਖੁੱਲ੍ਹ ਕੇ
ਕਰਮਾਂ ਦਾ ਫਲ ਮਿਲਦਾ
ਬਾਈ ਰੋਜ਼ ਇਸ ਤਰ੍ਹਾਂ ਬੀਤੇ
ਅੰਤ ਸੂਬੇ ਕੂਚ ਬੋਲਿਆ
ਪਾਪੀ ਮਰਿਆ ਬੜਾ ਦੁੱਖ ਪਾ ਕੇ
ਫਲ ਕੀਤੇ ਕਰਮਾਂ ਦਾ
ਪਾਵਣਾ! ਪਾਵਣਾ!!
ਦੁਨੀਆਂ 'ਤੇ ਜੋ ਬੀਜਿਆ, ਸੋਈ ਖਾਵਣਾ।

ਕੀਤੇ ਕਰਮਾਂ ਦਾ ਫਲ ਭੋਗ ਕੇ, ਸੂਬਾ ਖ਼ਾਨ ਬਹਾਦਰ ਚੱਲ ਵੱਸਿਆ। ਓਧਰ ਕੁਛ ਸਿੱਖਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਵੀ ਜਾ ਸੁਨੇਹਾ ਦਿੱਤਾ। ਸਿੰਘ ਸਾਹਿਬ ਜੀ ਨੇ 'ਜਪੁਜੀ' ਦਾ ਪਾਠ ਕੀਤਾ ਤੇ ਜੋਤ ਵਿਚ ਜੋਤ ਸਮਾ ਗਏ।

ਕਬਿੱਤ

ਮੋਇਆ ਸੂਬਾ ਸਿੰਘਾਂ ਜਾ ਕੇ ਦੱਸਿਆ ਜਾਂ ਸਿੰਘ ਤਾਈਂ
'ਵਹਿਗੁਰੂ ਦੀ ਫ਼ਤਹਿ' ਸਿੰਘ ਗੱਜ ਕੇ ਬੁਲਾਵੰਦਾ
ਫੇਰ ਪਰਸਾਦ ਮੰਗਵਾ ਕੇ ਭਾਈ ਤਾਰੂ ਸਿੰਘ
'ਜਪੁਜੀ' ਦਾ ਪਾਠ ਕਰ, ਸੀਸ ਹੈ ਝੁਕਾਵੰਦਾ
ਜੋਤ ਵਿਚ ਜੋਤ ਮਿਲੀ, ਆਤਮਾ ਅਭੇਦ ਹੋ ਗਈ
ਬਾਜ਼ਾਂ ਵਾਲੇ ਜੀ ਦੀ ਗੋਦ ਵਿਚ ਜਾ ਸਮਾਵੰਦਾ

'ਸੀਤਲ' ਜੀ ਨੇਕੀਆਂ ਬੁਰਾਈਆਂ ਪਿਛੇ ਰਹਿੰਦੀਆਂ ਨੇ
ਛੱਡ ਇਨਸਾਨ ਜੋ ਜਹਾਨ ਉੱਤੇ ਜਾਵੰਦਾ

ਇਹ ਹੈ ਇਕ ਸਦਾ ਜਿਉਂਦੇ ਕੌਮੀ ਪਰਵਾਨੇ ਦੀ ਜੀਵਨ-ਕਥਾ। ਪਹਿਲੀ ਜੁਲਾਈ, ੧੭੪੫ ਈ. (੧੮੦੨ ਬਿ.) ਨੂੰ ਆਪ ਜੋਤ ਵਿਚ ਜੋਤ ਸਮਾਏ। ਸ਼ਹੀਦ ਤਾਰੂ ਸਿੰਘ ਜੀ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ :

ਸ੍ਰੀ ਵਹਿਗੁਰੂ।

ਪ੍ਰਸੰਗ ਲਿਖਿਆ, ੨੭-੮-੩੭ ਈ.

ੴ ਸਤਿਗੁਰ ਪ੍ਰਸਾਦਿ॥

ਪ੍ਰੇਮ-ਜਿੱਤਾਂ

ਬਾਲਾ ਪ੍ਰੀਤਮ

ਪੰਡਤ ਸ਼ਿਵਦੱਤ ਦਾ ਪ੍ਰੇਮ

ਤੇ

ਰਾਜਾ ਫ਼ਤਹਿ ਚੰਦ ਮੈਣੀ ਦਾ ਉਧਾਰ

ਅੰਮ੍ਰਿਤ ਵੇਲਾ, ਗੰਗਾ ਦਾ ਕਨਾਰਾ, ਠੰਢੀ ਠੰਢੀ ਹਵਾ, ਪਾਣੀ ਦੀਆਂ ਉਠਦੀਆਂ ਲਹਿਰਾਂ ਦਿਲ ਨੂੰ ਕਿਸੇ ਵਜਦ ਵਿਚ ਲਿਆ ਰਹੀਆਂ ਹਨ। ਕੋਈ ਪ੍ਰੀਤਾਂ ਦਾ ਵਣਜਾਰਾ ਆਪਣੇ ਪਿਆਰੇ ਦੀ ਯਾਦ ਵਿਚ ਮਗਨ ਬੈਠਾ ਹੈ। ਨੇਤਰ ਬੰਦ, ਚਿਹਰੇ 'ਤੇ ਜਲਾਲ, ਮੂੰਹੋਂ ਕਹੇ ਬਿਨਾਂ ਅੰਦਰਲੇ ਭੇਦ ਹੰਝੂਆਂ ਰਾਹੀਂ ਜ਼ਾਹਰ ਹੋ ਰਹੇ ਹਨ। ਅੰਦਰ ਦਾ ਬਿਰਹਾ ਪਾਣੀ ਦੀਆਂ ਬੂੰਦਾਂ ਬਣ ਕੇ ਅੱਖੀਆਂ ਤੋਂ ਟਪਕ ਰਿਹਾ ਹੈ।

ਕਬਿੱਤ

ਗੰਗਾ ਦੇ ਕਨਾਰੇ ਬੈਠਾ ਲਾਇਕੇ ਸਮਾਧੀ ਕੋਈ
'ਹਰੇ ਰਾਮ, ਹਰੇ, ਹਰੇ ਰਾਮ' ਹੈ ਪੁਕਾਰਦਾ
ਚਿਹਰੇ 'ਤੇ ਜਲਾਲ ਅਤੇ ਨੈਣਾਂ ਵਿਚੋਂ ਨੀਰ ਜਾਵੇ
ਗਰਮ ਗਰਮ ਹੰਝੂ ਠੰਢੇ ਵਹਿਣ ਵਿਚ ਠਾਰਦਾ
ਰੱਬ ਦੇ ਪੁਜਾਰੀ ਰੱਬੀ ਨੂਰ ਹੈ ਪਛਾਣ ਲਿਆ
'ਤੂੰਹੀ ਤੂੰਹੀ' ਕੂਕੇ ਬੈਠਾ ਬੱਧਾ ਪ੍ਰੇਮ-ਤਾਰ ਦਾ

'ਸੀਤਲ' ਜੀ ਕਰੇ ਪਿਆ ਡੰਡੌਤ ਹਰੀ-ਬਾਲ ਅੱਗੇ
ਪੰਡਤ ਬਿਰਧ ਪੂਜਨੀਕ ਸੰਸਾਰ ਦਾ

ਜੀਹਦੇ ਸਾਮ੍ਹਣੇ ਅਨੇਕਾਂ ਸਿਰ ਝੁਕਦੇ ਸਨ, ਅੱਜ ਉਹ ਸਿਰ ਕਿਸੇ ਦੇ ਸਾਮ੍ਹਣੇ ਝੁਕ ਰਿਹਾ ਹੈ। ਕਦੇ ਕਦੇ ਨੇਤਰ ਝਮਕਦਾ ਹੈ, ਉਦਾਲੇ ਨਿਗ੍ਹਾ ਮਾਰਦਾ ਹੈ, ਤੇ ਫੇਰ ਬੰਦ ਕਰ ਲੈਂਦਾ ਹੈ। ਦਿਲ ਵਿਚ ਗਿਣਤੀਆਂ ਹਨ, ਪਰ ਹਰ ਵਿਚਾਰ ਵਿਚ ਕੋਈ ਇਕ ਜੋਤ ਕੰਮ ਕਰ ਰਹੀ ਹੈ। ਕਦੇ ਉਸਦੇ ਧਿਆਨ ਵਿਚ ਪ੍ਰੀਤਮ ਚੱਕਰ ਗਦਾ ਲਈ, ਵਿਸ਼ਨੂੰ ਰੂਪ ਧਾਰੀ ਚਲਾ ਆ ਰਿਹਾ ਹੈ, ਕਦੇ ਪ੍ਰੀਤ ਕੁੱਠੇ ਨਿਮਾਣੇ ਸੁਦਾਮੇ ਦੇ ਚੌਲ ਖੋਹ ਕੇ ਖਾ ਰਿਹਾ ਹੈ, ਕਦੇ ਭੀਲਣੀ ਦੇ ਬੇਰਾਂ 'ਤੇ ਰੀਝ ਰਿਹਾ ਹੈ, ਤੇ ਕਦੇ ਸਿਲ ਰੂਪੀ 'ਅਹੱਲਿਆ' ਨੂੰ ਚਰਨ ਛੁਹੱ ਕੇ ਤਾਰ ਰਿਹਾ ਹੈ। ਪਰ ਜਦ ਅੱਖਾਂ ਖੁੱਲ੍ਹਦੀਆਂ ਹਨ, ਓਹੀ ਇਕੱਲਾ ਬਿਰਧ ਬਾਬਾ ਸ਼ਿਵਦਤ ਰਹਿ ਜਾਂਦਾ ਹੈ। ਬੁੱਲ੍ਹ ਖੁੱਲ੍ਹਦੇ ਹਨ, ਤਾਂ ਅਰਦਾਸ ਸ਼ੁਰੂ ਹੁੰਦੀ ਹੈ।

ਬੈਂਤ

ਲੋਕੀਂ ਆਖਦੇ ਨੇ ਗੁਰੂ-ਪੀਰ ਤੈਨੂੰ
ਭਾਸੇ 'ਵਿਸ਼ਨੂੰ' ਦਾ ਖ਼ਾਸ ਅਵਤਾਰ ਮੈਨੂੰ
'ਬਿਦਰ' ਵਾਂਗ ਨਿਮਾਣਾ ਹੋ, ਤੜਪਦਾ ਹਾਂ
ਤਾਰੋ ਰੂਪ ਧਰ ਕ੍ਰਿਸ਼ਨ ਮੁਰਾਰ ਮੈਨੂੰ
ਮੈਂ ਹਾਂ 'ਭੀਲਣੀ' ਦੇ ਵਾਂਗ ਅੱਤ ਹੀਣਾ
ਬਣ ਕੇ ਰਾਮ ਜੀ ਦਿਹੋ ਦੀਦਾਰ ਮੈਨੂੰ
ਪੱਥਰ ਵਾਂਗਰਾਂ ਚਰਨ ਛੁਹਾ ਆਪਣੇ
ਪ੍ਰੀਤਮ ਤਾਰ ਮੈਨੂੰ ਪ੍ਰੀਤਮ ਤਾਰ ਮੈਨੂੰ

ਗੁਣ ਸਮਝੋ, ਜਾਂ ਔਗੁਣ, ਇਹ ਪ੍ਰੀਤ ਵਿਚ ਵਸਫ਼ ਹੈ, ਕਿ ਯਾਦ ਭੁਲਾਇਆਂ ਭੁਲਦੀ ਨਹੀਂ, ਤੇ ਯਾਦ ਕੀਤਿਆਂ ਘਟਦੀ ਨਹੀਂ। ਏਸ ਅੱਗ ਨੂੰ ਜਿਉਂ-ਜਿਉਂ ਦਬਾਉ ਇਸਦੀ ਉਮਰ ਵਧਦੀ ਹੈ, ਤੇ ਜਿਉਂ-ਜਿਉਂ ਫੋਲੋ, ਸੇਕ ਵਧੇਰੇ ਹੁੰਦਾ ਹੈ। ਜਿਉਂ-ਜਿਉਂ ਪਿਆਰੇ ਨੂੰ ਯਾਦ ਕਰੋ, ਮਿਲਨ ਦੀ ਖਿੱਚ ਜ਼ੋਰਦਾਰ ਹੁੰਦੀ ਜਾਂਦੀ ਹੈ। ਏਹਾ ਹਾਲ ਸ਼ਿਵਦਤ ਦਾ ਹੈ। ਦਿਲ ਦੀ ਜਲਨ ਪਲੋਂ-ਪਲ ਵਧਦੀ ਜਾ ਰਹੀ ਹੈ। ਵਿਜੋਗ ਨੇ ਨਿਢਾਲ ਕਰ ਦਿੱਤਾ ਹੈ। ਉਹ ਆਪ-ਮੁਹਾਰਾ ਬੋਲੀ ਜਾ ਰਿਹਾ ਹੈ :

ਕਲੀ

ਲੱਗੀ ਚੋਟ ਬ੍ਰਿਹੋਂ ਦੀ ਦਿਲ ਨੂੰ ਟਿਕਣ ਨਾ ਦੇਂਦੀ ਏ
ਔਖਾ ਜਿਉਣਾ ਸੱਲ ਵਿਛੋੜੇ ਵਾਲੇ ਜਰ ਕੇ
ਏਧਰ ਰਹਿਣ ਉਖੇਰਾ ਮਿਲਿਆਂ ਬਾਝ ਪਿਆਰੇ ਦੇ
ਓਧਰ ਪਿਆਰਾ ਮਿਲਦਾ ਨੈਂ ਇਸ਼ਕ ਦੀ ਤਰ ਕੇ
ਬਿਖੜੇ ਪੰਧ, ਸੁਣੀਂਦੀ ਔਖੀ ਘਾਟੀ ਪ੍ਰੇਮ ਦੀ
ਜਿਸਨੇ ਪਾਇਆ ਪ੍ਰੀਤਮ, ਪਾਇਆ ਜਿਉਂਦੇ ਮਰ ਕੇ
ਔਗਣਹਾਰੇ ਦੇ ਵਿਚ ਗੁਣ ਤਾਂ ਸਾਹਿਬਾ! ਕੋਈ ਨਹੀਂਗਾ
ਆਪੇ ਮਿਲ ਪਉ ਦਾਤਾ! ਤਰਸ ਦੁਖੀ 'ਤੇ ਕਰਕੇ
ਓਧਰ ਕਲਗ਼ੀ ਵਾਲੇ ਖਿੱਚੇ ਤਾਰ ਪ੍ਰੇਮ ਦੀ
ਪਹੁੰਚੇ ਗੰਗਾ ਕੰਢੇ ਰੂਪ ਕ੍ਰਿਸ਼ਨ ਦਾ ਧਰ ਕੇ
ਲੀਲ੍ਹਾ ਵੇਖੋ—ਸੰਗਤੇ—ਬਾਲਕ ਸ਼ਾਮ ਅਵਤਾਰ ਦੀ
ਮੋਹ ਲਿਆ ਪੰਡਤ ਦਾ ਮਨ ਝਾਤ ਕੰਨਾਂ ਕੋਲ ਕਰ ਕੇ
ਕਲਗ਼ੀ ਵਾਲੇ ਦੇ ਵਿਚ ਦਰਸ਼ਨ ਪਾ ਕੇ 'ਸ਼ਾਮ' ਦਾ
ਕਰਦਾ ਦੱਤ ਅਰਜ਼ੋਈਆਂ ਸਿਰ ਚਰਨਾਂ 'ਤੇ ਧਰ ਕੇ
ਦਰਸ਼ਨ ਪਾ ਕੇ ਸੜਦੇ ਸੀਨੇ 'ਸੀਤਲ' ਹੋ ਗਏ ਨੇ
ਤੇਰੇ ਪ੍ਰੇਮ ਪੁਚਾਇਆ ਪ੍ਰੀਤਮ ਦੁਆਰੇ ਹਰਿ ਕੇ

ਇਕ ਝਾਤ ਨੇ ਮਨ ਮੋਹ ਲਿਆ। ਪੰਡਤ ਦੀਵਾਨਾ ਜਿਹਾ ਹੋ ਗਿਆ, ਕਿਸੇ ਰੰਗ ਵਿਚ ਰੱਤਾ ਪਿਆ। ਏਸ ਦੀਵਾਨਗੀ ਦੀਆਂ ਘਰ-ਘਰ ਗੱਲਾਂ, ਘਰ-ਘਰ ਉਪਮਾ, ਘਰ-ਘਰ ਸ਼ਰਧਾ। ਪੂਜਾ ਅੱਗੇ ਨਾਲੋਂ ਵਧੇਰੇ ਹੋਣ ਲੱਗ ਪਈ। ਪਰ ਜਿੱਥੇ ਅੱਗੇ ਦਿਲ ਪੂਜਾ ਕਰਾ ਕੇ ਖ਼ੁਸ਼ ਹੁੰਦਾ ਸੀ, ਹੁਣ ਕਿਸੇ ਬ੍ਰਹਮ-ਵਿਅਕਤੀ ਦੀ ਪੂਜਾ ਕਰਦਾ ਨਹੀਂ ਰੱਜਦਾ। ਉਹ ਆਪ ਬਾਲਾ-ਪ੍ਰੀਤਮ ਦੀ ਪੂਜਾ ਕਰਦਾ ਤੇ ਲੋਕਾਂ ਨੂੰ ਪੂਜਾ ਕਰਨ ਦੀ ਪ੍ਰੇਰਨਾ ਕਰਦਾ।

'ਥੋੜ' ਤੇ 'ਲੋੜ' ਬੜੀ ਚੀਜ਼ ਹੁੰਦੀ ਹੈ। ਇਹ ਬਾਦਸ਼ਾਹਾਂ ਨੂੰ ਮੰਗਤੇ ਤੇ ਜ਼ੋਰਾਵਰਾਂ ਨੂੰ ਅਧੀਨ ਬਣਾ ਲਿਆ ਕਰਦੀ ਹੈ। ਰਾਜਾ ਫ਼ਤਹਿ ਚੰਦ ਮੈਣੀ ਤੇ ਉਹਦੀ ਰਾਣੀ ਦਰ-ਦਰ ਭਟਕਦੇ ਅੱਜ ਸ਼ਿਵਦੱਤ ਦੇ ਦਰ ਵੀ ਪਹੁੰਚੇ। ਦੋਹਾਂ ਨੂੰ

ਪੁੱਤਰ ਦੀ ਲਾਲਸਾ ਨੇ ਫ਼ਕੀਰ ਬਣਾ ਛੱਡਿਆ ਸੀ। ਦੋਵੇਂ ਜਾਚਕਾਂ ਵਾਂਗ ਪੱਲਾ ਪਾ ਕੇ ਅਰਦਾਸ ਕਰਨ ਲੱਗੇ।

ਕੋਰੜਾ

ਰਾਜਾ ਰਾਣੀ—ਦੋਵੇਂ—ਗਲ ਪੱਲਾ ਪਾਇਕੇ
ਸ਼ਿਵਦੱਤ ਤਾਈਂ ਆਖਦੇ ਸੁਣਾਇਕੇ
ਹਾਰ ਕੇ ਤੁਸਾਂ ਦੇ ਦਰ ਡਿੱਗੇ ਆਣ ਕੇ
ਪੰਡਤ ਜੀ, ਰੱਖ ਲਓ ਨਿਮਾਣੇ ਜਾਣ ਕੇ
ਹੋਰ ਨਾਹੀਂ ਥੋੜ, ਬੱਸ, ਕਮੀ ਲਾਲ ਦੀ
ਭਿੱਛਿਆ—ਸੁਆਮੀ!—ਪਾ ਦੇ ਇਕ ਬਾਲ ਦੀ
ਖ਼ਾਲੀ ਝੋਲੀ ਪੁੱਤਰ ਦਾ ਖ਼ੈਰ ਪਾਈਏ ਜੀ
ਤੇਰੇ ਦਰਵਾਜ਼ਿਓਂ ਨਾ ਖ਼ਾਲੀ ਜਾਈਏ ਜੀ
ਤੇਰੀ ਮੇਹਰ ਨੇ 'ਜਗਤ ਸੇਠ' ਤਾਰਿਆ
'ਮਾਧੋ' ਵਾਲਾ ਬੇੜਾ ਬੰਨੇ ਲਾਇਆ ਪਿਆਰਿਆ
ਤੇਰਾ ਜੱਸ ਸਾਰਾ ਹੈ ਜਹਾਨ ਗਾਂਵਦਾ
ਹਰ ਕੋਈ ਮੰਗੀਆਂ ਮੁਰਾਦਾਂ ਪਾਵੰਦਾ

"ਹੇ ਮਿਹਰਾਂ ਦੇ ਮਾਲਕ ਪੰਡਤ! ਦਇਆ ਕਰੋ। ਦਾਨੀਆਂ ਦੇ ਦਰ ਬੰਦ ਨਹੀਂ ਸੋਭਦੇ। ਤੇਰੇ ਦਰਵਾਜ਼ਿਓਂ ਜਗਤੇ ਸੇਠ ਦੇ ਸੁੱਕੇ ਬੂਟੇ ਨੂੰ ਫਲ ਲੱਗ ਸਕਦਾ ਹੈ, ਤਾਂ ਸਾਡੇ 'ਤੇ ਵੀ ਕਿਰਪਾ ਕਰ। ਤੇਰੀ ਦਿਆਲਤਾ ਨਾਲ ਮਾਧੋ ਦੇ ਘਰ ਉਜਾਲਾ ਹੋ ਸਕਦਾ ਹੈ, ਤਾਂ ਸਾਡੇ ਭਾਗਾਂ ਵਿਚ ਵੀ ਦੋ ਲਕੀਰਾਂ ਮਾਰ ਦਿਹ। ਅਸੀਂ ਗੁਨਾਹਗਾਰ ਹਾਂ, ਅਪਰਾਧੀ ਹਾਂ, ਪਾਪੀ ਹਾਂ, ਪਰ ਆਪ ਤਾਂ ਬਖ਼ਸ਼ਿੰਦ ਹੋ।" ਇਹ ਕਹਿੰਦੇ ਹੋਏ ਰਾਜਾ ਤੇ ਰਾਣੀ, ਪੰਡਤ ਦੇ ਚਰਨਾਂ 'ਤੇ ਡਿਗ ਪਏ। ਪੰਡਤ ਦੇ ਨੇਤਰ ਕਿਸੇ ਰੰਗ ਵਿਚ ਬੰਦ ਸਨ। ਉਹ ਦੋ ਹੋਰ ਦਿਲਾਂ ਵਿਚ ਪ੍ਰੇਮ-ਜੋਤ ਜਗਾਉਣ ਦੀ ਸੋਚ ਰਿਹਾ ਸੀ। ਨੇਤਰ ਖੁੱਲ੍ਹੇ, ਤਾਂ ਉਹਨੇ ਮੂਹੋਂ ਇਉਂ ਕਿਹਾ :-

ਜੰਗਲਾ

ਸੁਣ ਇਹ ਬਾਤ ਕਿਹਾ ਦੱਤ ਅੱਗੋਂ
ਸੁਣ ਐ ਰਾਜਨ ਪਿਆਰੇ

ਇਹ ਸਭ ਚੋਜ ਓਸੇ ਦੇ, ਜਿਸਨੇ
ਕਈ ਸਵਾਲੀ ਤਾਰੇ
ਸਭ ਨੂੰ ਫਲ ਦੇਵਣ ਮੂੰਹ ਮੰਗੇ
ਦਾਤਾ ਦੇਵਣ ਹਾਰੇ
ਉਹਦੇ ਅੱਗੇ ਨਿਉਣ ਪੈਗ਼ੰਬਰ
ਮੈਂ, ਤੂੰ ਕੌਣ ਵਿਚਾਰੇ?

ਭਿਖਾਰੀ ਤੇ ਬੱਚਾ ਨਹੀਂ ਜਾਣਦੇ, ਕਿ ਅੰਦਰ ਕੀ ਕੁਛ ਹੈ। ਉਹਨਾਂ ਦਾ ਸੁਭਾਅ ਮੰਗੀ ਜਾਣ 'ਤੇ ਪੱਕਾ ਹੁੰਦਾ ਹੈ। ਰਾਜਾ ਵੀ ਇਹ ਸੁਣਕੇ ਪਰਸੰਨ ਨਾ ਹੋਇਆ। ਉਹ ਓਸੇ ਰਸ ਸਵਾਲੀ ਵਾਂਗ ਕੁੰਡੀ ਖੜਕਾਈ ਗਿਆ। ਸ਼ਿਵਦੱਤ ਨੇ ਬਹੁਤ ਯਕੀਨ ਦਵਾਇਆ, ਤਾਂ ਰਾਜਾ ਕਹਿਣ ਲੱਗਾ, "ਹੇ ਦੇਵਤਾ! ਦੱਸ, ਉਹ ਕੌਣ ਰੱਬੀ ਜੋਤ ਹੈ, ਜਿਸਦੇ ਅੱਗੇ ਤੂੰ ਵੀ ਇਕ ਸਵਾਲੀ ਹੈਂ?"

ਸਾਕਾ

ਅੱਗੋਂ ਰਾਜਾ ਬੋਲਦਾ ਫਿਰ ਸੀਸ ਨਿਵਾਂ ਕੇ
ਕੌਣ ਵਲੀ ਅਵਤਾਰ ਉਹ? ਦੱਸੋ ਸਮਝਾਂ ਕੇ
ਦਰ ਉਹਦੇ 'ਤੇ ਜਾ ਬਹਾਂ ਮੈਂ ਧੂਣੀ ਤਾਂ ਕੇ
ਚਰਨ ਪਕੜ ਲਾਂ ਓਸਦੇ ਗਲ ਪੱਲਾ ਪਾ ਕੇ
'ਇਕ ਪੁੱਤਰ ਦੀ ਲੋੜ ਹੈ' ਆਖਾਂ ਕੁਰਲਾਂ ਕੇ
ਕਰੋ ਸਪੁੱਤਾ ਗੁਰੂ ਜੀ, ਫਲ ਡਾਲੀ ਲਾ ਕੇ

ਪੰਡਤ ਨੇ ਉੱਤਰ ਦਿੱਤਾ, "ਜਿਸਦੇ ਪਰਗਟ ਹੋਣ ਕਰਕੇ ਪਾਪ ਰੂਪੀ ਹਨ੍ਹੇਰਾ ਨਹੀਂ ਰਿਹਾ। ਜਿਸਦੇ ਦਰਸ਼ਨ ਕਰਕੇ ਸਾਰੀ ਦੁਨੀਆਂ ਵਿਚ ਠੰਢ ਵਰਤ ਰਹੀ ਹੈ। ਜੋ ਕੰਗਾਲਾਂ ਨੂੰ ਸ਼ਾਹ ਤੇ ਗ਼ੁਲਾਮਾਂ ਨੂੰ ਆਜ਼ਾਦ ਕਰਨ ਵਾਸਤੇ ਆਇਆ ਹੈ। ਜੋ ਮੁਰਦਿਆਂ ਨੂੰ, ਮਰ ਕੇ ਜੀਉਣ ਦਾ ਵੱਲ ਦੱਸਣ ਆਇਆ ਹੈ! ਓਹੀ, ਜੋ ਹਰ ਘਟ ਵਿਚ ਵੱਸਦਾ ਹੈ। ਓਹੀ, ਜੋ ਹੰਕਾਰ ਤੋਂ ਖ਼ਾਲੀ ਦਿਲਾਂ ਵਿਚ ਬਿਨਾਂ ਬੁਲਾਏ ਆ ਵੱਸਦਾ ਹੈ। ਓਸੇ—ਮੇਰੇ ਬਾਲਾ ਪ੍ਰੀਤਮ—ਦੀ ਯਾਦ ਕਰੋ। ਧੂਣੀਆਂ ਤਪਣ ਦੀ ਲੋੜ ਨਹੀਂ। ਪਾਖੰਡ ਤੇ ਵਿਖਾਵੇ ਦੀ ਕੋਈ ਥਾਂ ਨਹੀਂ। ਯਾਦ ਕਰਨ ਵਾਲਿਆਂ ਕੋਲ, ਉਹ ਆਪ ਚਲਿਆ ਆਉਂਦਾ ਹੈ। ਬੱਸ......।"

ਮਿਰਜ਼ਾ

ਅੱਗੋਂ ਸ਼ਿਵਦੱਤ ਆਖਦਾ
ਸੁਣਿਓਂ ਨਾਲ ਧਿਆਨ
ਤਾਰਨ ਆਇਆ ਜਗਤ ਨੂੰ
ਦਿਹ ਧਰ ਕੇ ਭਗਵਾਨ
'ਬਾਲਾ-ਪ੍ਰੀਤਮ' ਦਾਸ ਦਾ
ਪਰਗਟ ਵਿਚ ਜਹਾਨ
ਪੀਰ, ਨਬੀ, ਅਵਤਾਰ ਉਹ
ਰਾਮ, ਰਹੀਮ, ਰਹਿਮਾਨ
ਲੋੜ ਨਾ ਬਾਹਰੋਂ ਭਾਲ ਦੀ
ਅੰਦਰ ਧਰੋ ਧਿਆਨ
ਆਪੇ ਦਰਸ਼ਨ ਦੇਣਗੇ
ਸਾਬਤ ਰੱਖ ਈਮਾਨ
ਭਜਨ ਕਰੋ ਕਰਤਾਰ ਦਾ
ਜਿਸ ਦੇ ਜੀਅ ਪਰਾਨ
'ਸੀਤਲ' ਆਸਾਂ ਪੂਰੀਆਂ
ਮਿਟ ਜੈ ਆਵਣ ਜਾਣ

ਦਿਲ ਵਿਚ ਸ਼ਾਂਤੀ ਆਈ, ਭਰੋਸਾ ਕਰਕੇ ਦੋਵੇਂ ਘਰ ਨੂੰ ਪਰਤੇ, ਆਤਮਾ ਵਿਚ ਵਾਹਿਗੁਰੂ ਵੱਸ ਗਿਆ। ਇਕ ਨਵੀਂ ਚਾਹ, ਨਵਾਂ ਚੱਾ ਲੈ ਕੇ ਘਰ ਵਿਚ ਆ ਵੱਸੀ। ਦੋਵੇਂ ਜਿੱਥੇ ਬਹਿੰਦੇ, ਜਿਸ ਹਾਲ ਵਿਚ ਹੁੰਦੇ, ਪਿਆਰੇ ਦੀ ਯਾਦ ਵਿਚ ਹੁੰਦੇ। ਅਰਦਾਸ ਵਿਚ ਦਿਲ ਜੁੜਦਾ, ਤਾਂ ਐਉਂ ਭਾਸਦਾ, ਜਿਵੇਂ ਬਾਲਾ-ਪ੍ਰੀਤਮ, ਅਕਾਲ ਮੂਰਤੀ ਸਾਮ੍ਹਣੇ ਖਲੇ ਹਨ। ਉਹ ਦੋਵੇਂ ਐਉਂ ਅਰਜ਼ੋਈਆਂ ਕਰ ਰਹੇ ਹਨ :

ਕਲੀ

ਦੋਵੇਂ-ਰਾਜਾ, ਰਾਣੀ-ਬੈਠੇ ਅੰਦਰ ਮਹਿਲਾਂ ਦੇ
ਕਲਗੀ ਵਾਲੇ ਨੂੰ ਨੇ ਯਾਦ ਹਰਦਮ ਕਰਦੇ

ਕਹਿੰਦੇ, ਆਵੋ ਦਰਸ ਦਿਖਾਵੋ ਬਾਲਾ-ਪ੍ਰੀਤਮ ਜੀ!
ਹੱਥ ਬੰਨ੍ਹ ਖਲੇ ਸਵਾਲੀ, ਦਾਤਾ! ਤੇਰੇ ਦਰ ਦੇ
ਤੇਰੇ ਦਰ 'ਤੇ ਆ ਕੇ ਮਾਧੋ ਵਰਗੇ ਤਰ ਗਏ ਨੇ
ਜਗ ਪਏ ਬੁਝੇ ਚਰਾਗ਼ 'ਜਗਤੇ' ਵਾਲੇ ਘਰ ਦੇ
ਤੇਰਾ ਦਰਸ਼ਨ ਪਾ ਕੇ ਕੋੜ੍ਹੇ ਰਾਜ਼ੀ ਹੋ ਗਏ ਨੇ
ਲੰਗੜੇ-ਲੂਲੇ ਵੇਖੇ ਨੇ ਗੰਗਾ ਵਿਚ ਤਰਦੇ
ਤੇਰੀ ਮੋਹਣੀ ਮੂਰਤ ਮੋਹ ਲਿਆ ਵੱਡੇ ਨਵਾਬਾਂ ਨੂੰ
ਆਜਜ਼ ਹੋ ਕੇ ਨੇ ਸਿਰ ਚਰਨਾਂ ਉਤੇ ਧਰਦੇ
ਪੰਡਤਾਂ ਭਗਤਾਂ ਮਾਲਾ ਫੜ ਲਈ ਤੇਰੇ ਨਾਮ ਦੀ
'ਭੀਖਣ' ਵਰਗੇ ਸਿਜਦੇ ਕਦਮਾਂ 'ਤੇ ਕਰਦੇ
ਤੇਰੇ ਦਰ ਤੋਂ ਮੰਗੀਆਂ ਮਿਲਨ ਮੁਰਾਦਾਂ ਹਰ ਇਕ ਨੂੰ
ਚਰਨੀਂ ਛੁਹ ਕੇ ਜਿਉਂ ਪਏ ਹਉਮੈਂ ਵਿਚ ਮਰਦੇ
ਜਿੱਥੇ ਐਨੇ ਤੈਥੋਂ ਦਾਤਾ! ਭਿੱਛਿਆ ਲੈ ਗਏ ਨੇ
ਸਾਡੇ ਵੱਲ ਵੀ 'ਕੇਰਾਂ ਨਜ਼ਰ ਮਿਹਰ ਦੀ ਕਰ ਦੇ
ਪਾ ਦੇ ਖ਼ੈਰ ਪੁੱਤਰ ਦਾ, ਮੰਨ ਫ਼ਰਯਾਦ ਸਵਾਲੀ ਦੀ
ਸਾਡੀ ਝੋਲੀ ਦਾਤਾ! ਰਹਿਮਤ ਨਾਲ ਭਰ ਦੇ
ਬਖ਼ਸ਼ਣ ਹਾਰੇ! ਲਗੀਆਂ ਰਹਿਣ ਉਡੀਕਾਂ ਤੇਰੀਆਂ
ਹੰਝੂ ਨੈਣਾਂ ਵਿਚੋਂ 'ਸੀਤਲ' ਜੀ ਝਰਦੇ

ਕਿਸੇ ਦੀ ਯਾਦ ਵਿਚ ਵੀ ਕੋਈ ਸੁਆਦ ਹੁੰਦਾ ਹੈ। ਲੋਕ ਫ਼ਾਨੀ ਚੀਜ਼ਾਂ ਦੀ ਯਾਦ ਵਿਚ ਐਨਾ ਗੁਆਚ ਜਾਇਆ ਕਰਦੇ ਹਨ, ਤੇ ਜਿੱਥੇ ਕਿਸੇ ਰੱਬੀ ਨੂਰ ਦੀ ਯਾਦ ਹੋਵੇ, ਉਸ ਦਾ ਕੀ ਕਹਿਣਾ? ਦਿਲ ਟਿਕ ਗਿਆ। ਸ਼ਾਂਤ ਸਾਗਰ ਵਾਂਗ ਖ਼ਾਹਸ਼ਾਂ ਰੂਪੀ ਲਹਿਰਾਂ ਹੌਲੀ-ਹੌਲੀ ਗੁੰਮ ਹੁੰਦੀਆਂ ਗਈਆਂ। ਪੁੱਤਰ ਦੀ ਲਾਲਸਾ ਘਟਦੀ ਗਈ ਤੇ ਉਹਦੀ ਥਾਂ ਸਬਰ ਸੰਤੋਖ ਤੇ ਇੱਛਿਆ-ਰਹਿਤ ਪ੍ਰੇਮ ਨੇ ਲੈ ਲਈ। ਸਭ ਤਮੰਨਾਂ ਮੁੱਕ ਗਈਆਂ। ਇਕ ਉਸ ਪ੍ਰੀਤਮ ਦੇ ਦਰਸ਼ਨ ਦੀ ਉਮੰਗ ਰਹਿ ਗਈ। ਖ਼ਾਸ ਕਰ ਰਾਣੀ ਤਾਂ ਕਿਸੇ—ਸਦਾ ਰਹਿਣ ਵਾਲੀ—ਨਾਮ ਖ਼ੁਮਾਰੀ ਵਿਚ ਰੰਗੀ ਗਈ। ਉਹ ਹਰ ਵੇਲੇ ਅਰਦਾਸ ਵਿਚ ਇਉਂ ਮਗਨ ਰਹਿੰਦੀ :

ਕਬਿੱਤ

ਗਲ ਵਿਚ ਪੱਲਾ ਪਾ ਕੇ, ਕਰੇ ਅਰਦਾਸ ਮੈਣੀ
ਆਵੋ ਤਾਰਨਹਾਰ ਆਵੋ, ਆਵੋ ਦੇਰ ਲਾਵੋ ਨਾ
ਬੱਸ ਹੁਣ ਸਿੱਕ ਇਕੋ ਆਪ ਦੇ ਦੀਦਾਰ ਦੀ ਏ
ਚੰਨ ਜੀ! ਚਕੋਰ ਵਾਂਗ ਐਨਾ ਤਰਸਾਵੋ ਨਾ
ਰੋਂਦਿਆਂ ਦਾ ਦੀਦਿਆਂ 'ਚੋਂ ਨੀਰ ਵੀ ਨਿਖੁੱਟ ਗਿਆ
ਮੁਖੜਾ ਨੂਰਾਨੀ ਮੇਰੇ ਨੈਣਾਂ ਤੋਂ ਛੁਪਾਵੋ ਨਾ
ਤੇਰੇ ਹੋ ਕੇ, ਤੇਰੇ ਦਰ ਡਿੱਗੇ, ਤਾਰੋ ਮਿਹਰ ਧਾਰੋ
'ਸੀਤਲ' ਅਸਾਡੇ ਪਾਪਾਂ ਵੱਲ ਜੀ! ਤਕਾਵੋ ਨਾ

ਅਰਦਾਸ ਕਰਦਿਆਂ-ਕਰਦਿਆਂ ਨੇਤਰ ਬੰਦ ਹੋ ਜਾਂਦੇ, ਤੇ ਸੁਰਤ ਕਿਸੇ ਅਗੰਮੀ ਦੇਸ ਵਿਚ ਜੁੜ ਜਾਂਦੀ! ਐਉਂ ਪਰਤੀਤ ਹੁੰਦਾ, ਜਿਵੇਂ ਕੋਈ ਦੇਵੀ ਰੂਪ ਬਾਲਕ—ਚਿਹਰੇ 'ਤੇ ਇਲਾਹੀ ਨੂਰ—ਹਸੂੰ ਹਸੂੰ ਕਰਦਾ ਵਿਹੜੇ ਵਿਚ ਆ ਵੜਦਾ ਹੈ। ਪਰ ਜਦੋਂ ਅੱਖ ਖੁਲ੍ਹਦੀ, ਤਾਂ ਬਿਰਹੀ ਦੇ ਦਿਲ ਵਾਂਗ ਅੰਦਰ ਬਾਹਰ ਸਭ ਸੁੰਞ ਭਾਸਦੀ। ਕਦੇ ਰਾਤ ਜ਼ਰਾ ਅੱਖ ਲਗਦੀ, ਤਾਂ ਓਹੀ ਸੁੰਦਰ ਮਨ-ਮੋਹਣੀ ਮੂਰਤ 'ਮਾਂ ਮਾਂ' ਕਹਿੰਦੀ ਗੋਦੀ ਵਿਚ ਆ ਬਹਿੰਦੀ। ਪਰ ਜਾਂ ਅੱਖ ਖੁਲ੍ਹਦੀ, ਤਾਂ ਲੰਘ ਗਏ ਰਾਹੀ ਦੇ ਪੈਰਾਂ ਦੇ ਨਸ਼ਾਨ ਵਾਂਗ, ਕੇਵਲ ਯਾਦ ਹੀ ਬਾਕੀ ਰਹਿ ਜਾਂਦੀ।

ਇਹ ਲਗਨ ਵਧਦੀ-ਵਧਦੀ ਹੱਦ ਤਕ ਪਹੁੰਚ ਗਈ। ਰਾਣੀ ਦੀਵਾਨ਼ੀ ਹੋ ਗਈ। ਹਰ ਵੇਲੇ ਉਹੋ ਧੁਨ, ਉਹੋ ਵਹਿਣ। ਪ੍ਰੇਮ ਦੀ ਮਰਜ਼ ਸੌਦਾਅ ਦੇ ਦਰਜੇ ਤਕ ਪਹੁੰਚ ਗਈ । ਵੇਖੋ ਰਾਣੀ, ਗਲ ਵਿਚ ਪੱਲਾ ਪਾਈ ਕੈਸੀ ਦਿਲ ਹਿਲਾ ਦੇਣ ਵਾਲੀ ਬਾਣੀ ਵਿਚ ਅਰਦਾਸ ਕਰ ਰਹੀ ਹੈ :

ਝੋਕ

ਮਹਿਲਾਂ ਵਿਚ ਬੈਠੀ ਰਾਣੀ ਕੂਕਾਂ ਹੈ ਮਾਰਦੀ
'ਵਾਹਿਗੁਰੂ ਵਾਹਿਗੁਰੂ' ਹੈ ਹਰਦਮ ਉਚਾਰਦੀ
ਆਤਮਾ ਵਿਚ ਖੜਕਦੀ ਤਾਰ ਕਰਤਾਰ ਦੀ
ਤੰਦੀ ਦੇ ਨਾਲ ਜਿਉਂ ਦਮਕੇ ਤਰਬ ਸਤਾਰ ਦੀ

ਕਹਿੰਦੀ : ਹੁਣ ਹੋਰ ਝੱਲਣ ਦਾ ਰਿਹਾ ਨਹੀਂ ਤਾਨ ਜੀ
ਪ੍ਰੀਤਮ ਜੀ ਦਰਸ਼ਨ ਦੇਵੋ ਜਾਂਦੀ ਹੈ ਜਾਨ ਜੀ
ਉ, ਪਿਆਰੇ ਜੀ! ਦਰਸ ਦਿਖਾਵੋ
ਜਨਮਾਂ ਦੀ ਭੁੱਲ ਨੂੰ, ਰੱਬਾ! ਬੈਠੀ ਪਛਤਾਉਨੀ ਆਂ
ਸੱਧਰਾਂ ਦੀ ਛੱਤ 'ਤੇ ਬੈਠੇ ਕਾਗ ਉਡਾਉਨੀ ਆਂ
ਕਰਮਾਂ ਦੀ ਪੱਟੀ ਉੱਤੇ ਔਂਸੀਆਂ ਪਾਉਨੀ ਆਂ
ਆਉਂਦਿਆਂ ਰਾਹੀਆਂ ਨੀਝਾਂ ਲਾ ਲਾ ਤਕਾਉਨੀ ਆਂ
ਟੁਟਦੀ ਹੈ ਆਸ, ਮੇਰੇ ਮੁਕਦੇ ਹਨ ਪ੍ਰਾਨ ਜੀ
ਪ੍ਰੀਤਮ ਜੀ ! ਦਰਸ਼ਨ ਦੇਵੋ, ਜਾਂਦੀ ਹੈ ਜਾਨ ਜੀ
ਉ, ਦਾਤਾ ਜੀ ! ਦਰਸ ਦਿਖਾਵੋ
ਕੱਸੀਆਂ ਨੇ ਪ੍ਰੇਮ ਤਣਾਵਾਂ ਤੁਣਕੇ ਦੇ ਡੋਰ ਨੂੰ
ਕਰਮਾਂ ਦੇ ਪਾਏ ਵਿਛੋੜੇ, ਆਖਾਂ ਕੀ ਹੋਰ ਨੂੰ
ਹੋ ਗਈ ਹਾਂ ਬੌਰੀ ਲਭਦੀ ਪ੍ਰੇਮ ਦੇ ਚੋਰ ਨੂੰ
ਸਾਡਾ ਕੀ ਉਜ਼ਰ ? ਜੇ ਮੰਨੋ ਆਪ ਨਾ ਜ਼ੋਰ ਨੂੰ
ਬਿਰਹੋਂ ਨੇ ਖਾ ਲਈ ਹੁਣ ਤਾਂ ਦਮ ਦੀ ਮਹਿਮਾਨ ਜੀ
ਪ੍ਰੀਤਮ ਜੀ! ਦਰਸ਼ਨ ਦੇਵੋ ਜਾਂਦੀ ਹੈ ਜਾਨ ਜੀ
ਓ, ਦਾਤਾ ਜੀ! ਦਰਸ ਦਿਖਾਵੋ
ਮੈਨੂੰ ਨਹੀਂ ਖ਼ਬਰ ਜਾਲ ਕਦ ਪ੍ਰੇਮ ਨੇ ਪਾ ਲਿਆ
ਚਾਵਾਂ ਨਾਲ ਰੋਗ ਦੇਹੀ ਨੂੰ ਪ੍ਰੀਤ ਦਾ ਲਾ ਲਿਆ
ਚਿਖਾ ਵਿਛੋੜੇ ਦੀ 'ਤੇ ਤਨ ਮਨ ਹੈ ਜਾਲਿਆ
ਜਿਉਂਦੀ ਜਿੰਦ, ਲੋਕੋ! ਮੈਨੂੰ ਬਿਰਹੋਂ ਨੇ ਖਾ ਲਿਆ
'ਪ੍ਰੀਤ ਦੀ ਰੀਤ' ਭਲਾ ਕੀ ਜਾਣੇ ਜਹਾਨ ਜੀ?
ਪ੍ਰੀਤਮ ਜੀ! ਦਰਸ਼ਨ ਦੇਵੋ ਜਾਂਦੀ ਹੈ ਜਾਨ ਜੀ
ਓ, ਦਾਤਾ ਜੀ! ਦਰਸ ਦਿਖਾਵੋ
ਗੁਜ਼ਰੇ ਕਈ ਜਨਮ, ਪਿਆਰੇ, ਵੇਖੇ ਦੀਦਾਰ ਜੀ
ਐਨਾ ਵਿਛੋੜਾ ਨਹੀਂ ਜਿੰਦ ਸਕਦੀ ਸਹਾਰ ਜੀ

ਕਿਹੜੀ ਹੈ ਘੜੀ? ਖ਼ਬਰ ਨਹੀਂ ਮਰ ਜੂ ਬੀਮਾਰ ਜੀ
ਮੁੜ ਗਈ ਹੈ ਮੌਤ ਖ਼ਾਲੀ ਆ ਕੇ ਕਈ ਵਾਰ ਜੀ
ਮਿਲਦਾ ਨਹੀਂ ਪਤਾ ਹੱਡਾਂ ਵਿਚ ਕਿੱਥੇ ਹਨ ਪ੍ਰਾਨ ਜੀ
ਪ੍ਰੀਤਮ ਜੀ ਦਰਸ਼ਨ ਦੇਵੋ, ਜਾਂਦੀ ਹੈ ਜਾਨ ਜੀ
ਓ, ਦਾਤਾ ਜੀ ! ਦਰਸ ਦਿਖਾਵੋ
ਆਵੋ ਹੁਣ ਦਰਸ ਦਿਖਾਵੋ, ਹੋਰ ਤਰਸਾਵੋ ਨਾ
ਬਿਰਹੋਂ ਦੇ ਸੱਲੇ ਦਿਲ 'ਤੇ ਠੋਕਰਾਂ ਲਾਵੋ ਨਾ
ਝੱਲਣ ਦੀ ਹੱਦ ਹੁਣ ਹੋ ਗਈ, ਹੋਰ ਅਜ਼ਮਾਵੋ ਨਾ
ਸੜਦਾ ਦਿਲ 'ਸੀਤਲ' ਕਰ ਦਿਓ, ਅਝਕੋ ਨਾ, ਆਵੋ ਨਾਂ
ਕਹਿੰਦੇ : 'ਜੋ ਪ੍ਰੇਮ ਕਰੇ, ਸੋ ਪਾਵੇ ਭਗਵਾਨ ਜੀ'
ਪ੍ਰੀਤਮ ਜੀ! ਦਰਸ਼ਨ ਦੇਵੋ, ਜਾਂਦੀ ਹੈ ਜਾਨ ਜੀ
ਓ, ਦਾਤਾ ਜੀ ! ਦਰਸ ਦਿਖਾਵੋ

ਰਾਣੀ ਅਰਦਾਸ ਕਰਦੀ-ਕਰਦੀ ਬੇਸੁੱਧ ਹੋ ਗਈ। ਦੁਨੀਆਂ ਵੱਲੋਂ ਸੁਰਤ ਸੌਂ ਗਈ ਤੇ ਕਿਸੇ ਪ੍ਰੇਮ-ਨਗਰ ਵਿਚ ਜਾ ਜਾਗੀ। ਹੰਝੂਆਂ ਦੀ ਝੜੀ ਤੇ ਨਿਹੋਰਿਆਂ ਦੀ ਪੌਣ ਨੇ ਉਸ ਅਰਸ਼ਾਂ 'ਤੇ ਵੱਸਣ ਵਾਲੇ ਦਾ ਦਿਲ ਮੋਹ ਲਿਆ। ਮੇਰੇ ਬਾਲਾ-ਪ੍ਰੀਤਮ ਹਾਣੀਆਂ ਦਾ ਜਥਾ ਲਈ 'ਮੈਣੀ' ਦੇ ਘਰ ਆ ਪੁੱਜੇ, 'ਮਾਂ-ਮਾਂ' ਕਹਿੰਦੇ ਹੋਏ ਦੌੜ ਕੇ ਗੋਦੀ ਵਿਚ ਆ ਬੈਠੇ, ਗਲ ਨੂੰ ਜੱਫੀ ਪਾ ਲਈ ਤੇ ਹੌਲੀ ਜਿਹੀ ਕਿਹਾ, "ਮਾਂ! ਮੈਂ ਆ ਗਿਆ।"

ਮੈਣੀ ਅੱਖਾਂ ਨਹੀਂ ਖੋਲ੍ਹਦੀ, ਤੇ ਓਵੇਂ ਹੀ ਕਹਿੰਦੀ ਹੈ, "ਲਾਲ! ਤੁਸੀਂ ਅੱਗੇ ਵੀ ਏਸੇ ਤਰ੍ਹਾਂ ਕਰਦੇ ਓ, ਨਿਤ ਗੋਦੀ ਵਿਚ ਬਹਿ ਕੇ ਵਾਜਾਂ ਮਾਰਦੇ ਓ, ਪਰ ਜਦ ਮੈਂ ਦਰਸ਼ਨ ਵਾਸਤੇ ਅੱਖਾਂ ਖੋਲ੍ਹਦੀ ਹਾਂ, ਨੱਸ ਜਾਂਦੇ ਓ। ਮੈਂ ਹੁਣ ਅੱਖਾਂ ਹੀ ਨਹੀਂ ਖੋਲ੍ਹਾਂਗੀ । ਨਾ ਦਿਲ ਦੇ ਦਰਵਾਜ਼ੇ ਖੋਲ੍ਹਾਂ, ਤੇ ਨਾ ਤੁਸੀਂ ਜਾਓ।"

ਏਸ ਦਸ਼ਾ ਨੂੰ ਕੋਈ ਪ੍ਰੇਮੀ ਹੀ ਜਾਣ ਸਕਦਾ ਹੈ। ਜਿਸ ਦਿਲ ਵਿਚ ਪ੍ਰੇਮ ਉਪਜਿਆ ਹੀ ਨਹੀਂ, ਉਹ ਏਸ ਰਮਜ਼ ਨੂੰ ਕੀ ਜਾਣੇ? ਪ੍ਰੇਮ ਤੋਂ ਸੱਖਣਾ ਦਿਲ ਵੀ ਕੋਈ ਦਿਲ ਹੁੰਦਾ ਹੈ? ਹੇ ਪ੍ਰੇਮ ਦਾਤਾ! ਜਿਸ 'ਤੇ ਤੂੰ ਰੀਝਦਾ ਹੈਂ, ਉਸਨੂੰ ਪ੍ਰੇਮ ਬਖ਼ਸ਼ਦਾ ਹੈਂ। ਜਿਸ ਦਿਲ ਵਿਚ ਪ੍ਰੇਮ ਹੈ, ਉਸ ਵਿਚ ਤੂੰ ਹੈਂ। ਜਿਸ ਵਿਚ ਪ੍ਰੇਮ ਨਹੀਂ, ਉਸ ਵਿਚ ਤੂੰ ਵੀ ਨਹੀਂ।

ਵੇਖ ਲੌ, ਜਿਸ ਘਟ ਵਿਚ ਪ੍ਰੇਮ ਵੱਸਿਆ ਹੈ, ਉਸ ਵਿਚ ਆਪ ਵੱਸ ਰਿਹਾ ਹੈ।

ਬੈਂਤ

'ਮੈਣੀ' ਮੀਟ ਅੱਖਾਂ ਲਿਵ ਲਾਈ ਬੈਠੀ
ਤਾਰਨ ਵਾਸਤੇ ਚਲ ਤਾਰਨਹਾਰ ਆਇਆ
ਲੈ ਕੇ ਨਾਲ ਟੋਲੀ ਸੌ ਕੁ ਹਾਣੀਆਂ ਦੀ
ਜਪਦਾ ਮੂੰਹੋਂ 'ਕਰਤਾਰ ਕਰਤਾਰ' ਆਇਆ
ਵਿਹੜੇ ਮੈਣੀ ਦੇ ਆਣ ਕੇ ਚਰਨ ਪਾਏ
ਸੁੰਞੇ ਮਹਿਲ ਵਿਚ ਲਾਉਣ ਬਹਾਰ ਆਇਆ
ਕਹਿਕੇ 'ਮਾਂ' ਗੱਲਵੱਕੜੀ ਆਣ ਪਾਈ
ਘਰ 'ਜਸੋਧਾਂ' ਦੇ ਕ੍ਰਿਸ਼ਨ ਮੁਰਾਰ ਆਇਆ
ਅੱਖਾਂ ਖੋਲ੍ਹ ਕੇ ਮੈਣੀ ਨੇ ਵੇਖਿਆ ਜਾਂ
ਸੁੰਞੀ ਗੋਦ ਨੂੰ ਭਾਗ ਦਾਤਾਰ ਲਾਇਆ
'ਸੀਤਲ' ਵੇਖ ਤੂੰ ਰੰਗ ਪਰਮਾਤਮਾ ਦੇ
ਬਣ ਕੇ ਪੁੱਤ, ਤਾਰਨ ਸਿਰਜਨਹਾਰ ਆਇਆ

'ਮੈਣੀ' ਦੀਆਂ ਅੱਖਾਂ ਖੁੱਲ੍ਹੀਆਂ, ਤਾਂ ਗੁਜਰੀ ਦਾ ਦੁਲਾਰਾ ਗੋਦੀ ਵਿਚ ਬੈਠਾ ਮੁਸਕਰਾ ਰਿਹਾ ਸੀ, ਅਤੇ ਕਹਿ ਰਿਹਾ ਸੀ, "ਮਾਂ! ਭੁੱਖ ਲੱਗੀ ਏ, ਕੁਝ ਖਾਣ ਨੂੰ ਦਿਹ!"

ਮੈਣੀ ਵੇਖ ਕੇ ਨਦਰੋ ਨਦਰ ਨਿਹਾਲ ਹੋ ਗਈ, ਘੁੱਟ ਕੇ ਛਾਤੀ ਨਾਲ ਲਾ ਲਿਆ, ਅੰਦਰ ਬਾਹਰ ਰੱਬ ਵੱਸ ਗਿਆ। ਉਹਨੇ ਗੋੱਲੀ ਨੂੰ ਵਾਜ ਦੇ ਕੇ ਕਿਹਾ,"ਮੇਰੇ ਬਾਲਾ-ਪ੍ਰੀਤਮ ਵਾਸਤੇ ਮਿਠਿਆਈ ਲਿਆਓ।"

"ਨਹੀਂ ਮਾਂ! ਜੋ ਪੂਰੀਆਂ ਤੇ ਛੋਲੇ ਤਲ ਕੇ ਅੰਦਰ ਰੱਖੇ ਹਨ, ਉਹ ਖਾਣੇ ਨੇ!" ਮੇਰੇ ਦਾਤਾ ਜੀ ਨੇ ਕਿਹਾ!

ਏਨੀ ਗੱਲ ਸੁਣ ਕੇ ਤਾਂ ਮੈਣੀ ਪ੍ਰੇਮ ਵਿਚ ਜੀਊ ਉਠੀ, ਚਰਨ ਧੂੜ ਮੱਥੇ 'ਤੇ ਲਾਈ, ਛੋਲੇ ਤੇ ਪੂਰੀਆਂ ਛਕਾ ਕੇ ਗਦ ਗਦ ਹੋ ਗਈ। ਇਹ ਹਨ ਉਸ ਪ੍ਰੇਮ ਵਣਜਾਰੇ ਦੇ ਬਾਲ ਚੋਜ।

ਪਟਨੇ ਵਿਚ 'ਮੈਣੀ ਸੰਗਤ' ਬੜੀ ਮਸ਼ਹੂਰ ਹੈ, ਤੇ ਅਜੇ ਤਕ ਲੰਗਰ ਵੀ ਛੋਲੇ ਪੂਰੀਆਂ ਵਰਤਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ।

ਪ੍ਰਸੰਗ ਲਿਖਿਆ, ੨੪-੧੨-੩੬ ਈ.

ਸਾਕਾ

ਗੱਡੀ ਪੰਜਾ ਸਾਹਿਬ

ਸ਼ਹੀਦੀ

ਸ. ਕਰਮ ਸਿੰਘ ਜੀ

ਤੇ

ਸ. ਪਰਤਾਪ ਸਿੰਘ ਜੀ

ਕਿਸ ਦੀ ਖ਼ਾਤਰ? ਗੱਡੀਆਂ ਅੱਗੇ ਹੱਸ ਹੱਸ ਛਾਤੀ ਡਾਹਵੇਂ
ਕਿਸ ਰੁੱਸੇ ਨੂੰ? ਸਿਰ ਦੀ ਭੇਟਾ ਧਰ ਧਰ ਪਿਆ ਮਨਾਵੇਂ
ਕਿਸ ਦੀ ਪੂਜਾ? ਦਿਲ ਕੁਰਬਾਨੀ ਦਿੱਤਿਆਂ ਬਾਝ ਨਾ ਹੋਵੇ
ਕਿਸ ਦੇ ਮੰਦਰ ? ਖ਼ੂੰਨ ਜਿਗਰ ਦਾ ਚੋ ਚੋ ਜੋਤ ਜਗਾਵੇਂ

ਕੌਣ ਕਹਿੰਦਾ ਹੈ, ਸਿੱਖ ਸੱਤਿਆਗ੍ਰਹੀ ਨਹੀਂ ਹੋ ਸਕਦਾ? ਗੁਰੂ ਸਾਹਿਬ ਨੇ ਖ਼ਾਲਸਾ ਹਰ ਪਾਸਿਉਂ ਪੂਰਨ ਸਾਜਿਆ ਹੈ। ਸੁਲ੍ਹਾਕੁੱਲ, ਈਰਖਾ ਤੋਂ ਰਹਿਤ ਭਾਲਣਾ ਹੋਵੇ, ਤਾਂ 'ਭਾਈ ਕਨ੍ਹਈਏ' ਦੀ ਮਿਸਾਲ ਮਿਲਣੀ ਔਖੀ ਹੈ। ਆਪ ਜਿਸ ਹੱਥ ਨਾਲ ਮਿੱਤਰਾਂ ਦੇ ਮੂੰਹ ਵਿਚ ਪਾਣੀ ਪਾਉਂਦੇ ਸਨ, ਓਸੇ ਹੱਥ ਨਾਲ ਵੈਰੀਆਂ ਦੇ ਮੂੰਹ ਵਿਚ ਵੀ। ਸਿੱਖ ਭਗਤੀ ਵਿਚ ਆਏ ਨੇ, ਤਾਂ ਤੱਤੀਆਂ ਲੋਹਾਂ ਉਤੇ ਵੀ ਸਮਾਧੀਆਂ ਨਹੀਂ ਖੁੱਲ੍ਹੀਆਂ। ਮੈਦਾਨਾਂ ਵਿਚ ਸਿਰਾਂ ਤੋਂ ਸੱਖਣੇ ਧੜ ਲੜਾਂ ਦੇਣੇ ਕੇਵਲ ਸਿੱਖਾਂ ਦਾ ਹੀ ਕੰਮ ਹੈ। ਜੇ ਸੱਤਿਆਗ੍ਰਹਿ ਦੇ ਅਖਾੜੇ ਵਿਚ ਆਏ ਹਨ, ਤਾਂ ਇਹਨਾਂ ਦਾਈ ਹੱਥ ਲਾ ਛਡਿਆ ਹੈ। ਬੰਦ-ਬੰਦ ਕਟਾਂ ਦੇਣੇ, ਜਾਂ ਖੋਪਰ ਲੁਹਾਂ ਦੇਣੇ ਹਰ ਇਕ ਦਾ ਕੰਮ ਨਹੀਂ।

ਇਹ ਗੱਲਾਂ ਪੁਰਾਣੀਆਂ ਹੋ ਚੁੱਕੀਆਂ ਹਨ। ਨਵੀਂ ਰੌਸ਼ਨੀ ਦੇ ਆਦਮੀ ਇਹ ਮੰਨਣੋਂ ਝਿਜਕਦੇ ਹਨ, ਕਿ ਆਰੇ ਨਾਲ ਸਰੀਰ ਚੀਰਿਆ ਜਾਵੇ, ਪਰ ਮੂੰਹੋਂ 'ਸੀ' ਨਾ ਨਿਕਲੇ। ਇਹਨਾਂ ਭਾਈ ਤਾਰੂ ਸਿੰਘ ਜੀ ਨੂੰ ਖੋਪਰੀ ਲੁਹਾਉਂਦੇ ਨਹੀਂ ਡਿੱਠਾ। ਚਰਖੀ 'ਤੇ ਪਿੰਜੀਦੇ ਸੋਹਲ ਸ਼ਾਹਬਾਜ਼ ਸਿੰਘ ਜੀ ਦੇ ਦਰਸ਼ਨ ਨਹੀਂ ਕੀਤੇ। ਨਾ ਹੀ ਮਹਾਂ-ਪੁਰਸ਼ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕਟਾਉਂਦਿਆਂ ਵੇਖਿਆ ਹੈ। ਇਹ ਕਿਵੇਂ ਮੰਨਣ ? ਪਰ ਅੰਤ, ਇਹਨਾਂ ਨੂੰ ਮੰਨਣਾ ਪਵੇਗਾ। ਜਦ...।

ਬਹੁਤ ਦੂਰ ਦੀਆਂ ਗੱਲਾਂ ਨਹੀਂ, ਜਦ ਇਕ ਪਾਸੇ ਕਿਰਪਾਨਾਂ ਵਾਲੇ—ਪੰਥ ਦਾ ਹੁਕਮ ਮੰਨ ਕੇ—ਸ਼ਾਂਤ ਰਹਿੰਦੇ ਹੋਏ, ਹਰ ਮੁਸੀਬਤ ਸਹਾਰਨ ਵਾਸਤੇ ਤਿਆਰ ਖਲੋ ਸਨ, ਤੇ ਦੂਜੇ ਪਾਸੇ ਬੀ.ਟੀ. ਦੇ ਜਰਵਾਣੇ ਸਿਪਾਹੀ ਇਹਨਾ ਨੌ-ਨਿਹਾਲਾਂ ਨੂੰ ਡਾਂਗਾਂ ਨਾਲ ਲਿਟਾ ਦੇਣ 'ਤੇ ਤੁੱਲੇ ਖਲੋ ਸਨ। ਇਹ ਪਰਭਾਵਸ਼ਾਲੀ ਪ੍ਰਸੰਗ ਹੇਠ ਲਿਖੇ ਸ਼ਬਦਾਂ ਵਿਚ ਸੁਣੋ :

ਸਾਕਾ

ਲਾਲ ਗੁਰੂ ਦੇ ਬਾਗ਼ ਨੂੰ ਹੱਸ ਹੱਸ ਕੇ ਜਾਂਦੇ
ਮੂੰਹੋਂ 'ਸਤਿ ਕਰਤਾਰ' ਦੇ ਜੈਕਾਰੇ ਲਾਂਦੇ
ਸੁੰਦਰ ਸੋਹਲ ਸਰੀਰ 'ਤੇ ਬਹੁ ਮਾਰਾਂ ਖਾਂਦੇ
ਡਾਂਗਾਂ ਤੋੜਨ ਹੱਡੀਆਂ ਨਹੀਂ 'ਹਾਏ' ਸੁਣਾਂਦੇ
ਡੋਲੇ ਜੇਰਾ ਵੇਖ ਕੇ ਜੋ ਜ਼ੁਲਮ ਕਮਾਂਦੇ
'ਸੀਤਲ' ਸਿਦਕੀ ਸਬਰ ਦੀ ਕਰ ਹੱਦ ਵਿਖਾਂਦੇ

ਕੌਮੀ ਪਰਵਾਨੇ ਕਲਗ਼ੀ ਵਾਲੇ ਦੇ ਸੱਤਿਆਗ੍ਰਹੀ ਯੋਧੇ, ਡਾਢਿਆਂ ਨੇ ਮਾਰ-ਮਾਰ ਧਰਤੀ 'ਤੇ ਲਿਟਾ ਦਿਤੇ। ਇਕ ਪਾਸੇ ਸੋਟਿਆਂ ਦੀ ਬੁਛਾੜ ਸੀ ਤੇ ਇਕ ਪਾਸੇ ਸਬਰ ਦਾ ਨਾਅਰਾ 'ਸਤਿ ਸ੍ਰੀ ਅਕਾਲ'। ਮਾਂਵਾਂ ਦੇ ਲਾਡਲੇ ਨਿਢਾਲ ਹੋਏ ਪਏ ਸਨ। ਗੁਰੂ ਕੇ ਬਾਗ਼ ਦੀ ਮਿੱਟੀ ਲਹੂ ਨਾਲ ਸਿੰਜੀ ਗਈ, ਪਰ ਅਜੇ ਡਾਢੇ ਦਾ ਮਨ ਨਾ ਪਸੀਜਿਆ।

ਕਬਿੱਤ

ਧਾੜ ਧਾੜ ਸੋਟਿਆਂ ਦੀ ਮਾਰ ਬੇ-ਸਹਾਰ ਕਰ
ਫੇਰ ਹੈਂਸਿਆਰੇ ਘੋੜੇ ਉਤੋਂ ਦੀ ਟਪਾਵੰਦੇ
ਕੁੱਟ ਕੁੱਟ ਮੁੰਞ ਵਾਂਗ ਹੱਡ ਬੰਦ ਤੋੜ ਸਾਰੇ
ਸੁੰਦਰ ਸਰੀਰ ਵਿਚ ਖ਼ਾਕ ਦੇ ਮਿਲਾਵੰਦੇ
ਆਸ਼ਕ ਆਜ਼ਾਦੀ ਵਾਲੇ, ਹੱਕ ਦੇ ਦੁਆਰੇ ਉਤੇ
ਬੂਟ ਦੀਆਂ ਠੋਕਰਾਂ ਨੇ ਸੀਨਿਆਂ 'ਚ ਖਾਵੰਦੇ
ਜ਼ੁਲਮ ਅਤੇ ਸਬਰ ਦੋਵੇਂ ਕੰਡੇ ਇਨਸਾਫ਼ ਦੇ 'ਤੇ
'ਸੀਤਲ' ਜੀ ਤੋਲ ਵੀਹਵੀਂ ਸਦੀ 'ਚ ਵਿਖਾਵੰਦੇ

ਇਹ ਸਿੱਖਾਂ ਦੇ ਸੱਤਿਆਗ੍ਰਹਿ ਦਾ ਇਕ ਨਮੂਨਾ ਹੈ। ਪਰ ਅਜੇ 'ਆਗੇ ਆਗੇ ਦੇਖੀਏ ਹੋਤਾ ਹੈ ਕਿਆ।' ਫੱਟੜਾਂ ਨੂੰ ਲਾਰੀਆਂ 'ਤੇ ਲੱਦ ਕੇ ਅੰਮ੍ਰਿਤਸਰ ਲਿਆਂਦਾ ਗਿਆ। ਤਿੰਨ ਦਿਨ ਏਥੇ ਭੁੱਖੇ ਤਿਹਾਏ ਬੰਦ ਰੱਖੇ ਗਏ। ਤਿੱਜੇ ਦਿਨ ਸਪੈਸ਼ਲ ਟਰੇਨ (ਖ਼ਾਸ ਉਚੇਰੀ ਗੱਡੀ) ਵਿਚ ਬੰਦ ਕਰ ਕੇ ਅਟਕ ਜੇਲ੍ਹ ਨੂੰ ਰਵਾਨਾ ਕਰ ਦਿੱਤੇ। ਸੌ ਮੀਲ 'ਤੇ ਗੱਡੀ ਇੰਜਨ ਬਦਲਦੀ, ਤਾਂ ਚੁਫੇਰੇ ਪੋਲੀਸ ਦਾ ਪਹਿਰਾ ਹੁੰਦਾ। ਅੰਦਰਲੇ ਕੈਦੀਆਂ ਤਕ ਕਿਸੇ ਨੂੰ ਪਹੁੰਚਣ ਨਾ ਦਿੱਤਾ ਜਾਂਦਾ।

ਓਧਰੋਂ ਓਸ ਅਸਥਾਨ ਉਤੇ, ਜਿੱਥੇ ਮੇਰੇ ਵਾਲੀ ਦੋ ਜਹਾਨ ਗੁਰੂ ਨਾਨਕ ਦਾਤਾ ਜੀ ਨੇ ਹਉਮੈਂ ਦੇ ਆਉਂਦੇ ਪਰਬਤ ਨੂੰ ਗਿਆਨ ਦੇ ਪੰਜੇ ਨਾਲ ਡੱਕਾ ਪਾਇਆ ਸੀ—ਭਾਵ, ਗੁਰਦੁਆਰਾ ਪੰਜਾ ਸਾਹਿਬ ਵਿਚ—ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਕਿਸੇ ਸਿੱਖ ਨੇ ਇਹ ਸੁਨੇਹਾ ਆ ਦਿੱਤਾ।

ਕਾਫ਼ੀ

ਅੰਮ੍ਰਿਤ ਵੇਲੇ 'ਧੁਰ ਕੀ ਬਾਣੀ'
ਪੜ੍ਹਦੇ ਸੀ ਚਿੱਤ ਲਾ ਕੇ
ਗੁਰੂ-ਬਾਗ਼ ਦੀ ਕਥਾ ਸੁਣਾਈ
ਕਿਸੇ ਪ੍ਰੇਮੀ ਆ ਕੇ
ਭੁੱਖੇ ਸਿੰਘ ਗੁਰੂ ਦੇ ਪਿਆਰੇ

ਗੱਡੀ ਵਿਚ ਚੜ੍ਹਾ ਕੇ
ਭੇਜ ਰਹੇ ਨੇ ਅਟਕ ਜੇਲ੍ਹ ਨੂੰ
ਦਰਸ਼ਨ ਕਰ ਲੌ ਜਾ ਕੇ

ਇਹ ਗੱਲ ਸੁਣੀ, ਤਾਂ ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ! ਗੁਰੂ ਅਮਰਦਾਸ ਜੀ ਦਾ ਸੇਵਾ ਭਾਵ ਵਾਲਾ ਖ਼ੂਨ ਰਗਾਂ ਵਿਚ ਠਾਠਾਂ ਮਾਰ ਆਇਆ। ਸਰਦਾਰ ਪਰਤਾਪ ਸਿੰਘ ਜੀ ਤਾਂ ਆਪੇ ਤੋਂ ਬਾਹਰ ਹੋ ਗਏ। ਭਾਈ ਗੁਰਦਾਸ ਜੀ ਦੀ ਤੁਕ 'ਧ੍ਰਿਗ ਸੇਵਾ ਵਿਣ ਹੱਥ ਪੈਰ ਹੋਰ ਨਿਹਫਲ ਕਰਣੀ' ਪੜ੍ਹਦੇ ਹੋਏ ਉਹ ਉਠੇ ਤੇ ਕਹਿਣ ਲੱਗੇ :

ਬੈਂਤ

ਸੁਣ ਕੇ ਗੱਲ ਪਰਤਾਪ ਸਿੰਘ ਕਿਹਾ ਮੂੰਹੋਂ
ਮਨਾ ਮੇਰਿਆ ਉਠ ਤਿਆਰ ਹੋ ਜਾ
ਸਮਾਂ ਮਿਲੇ, ਨਾ ਮਿਲੇ, ਫਿਰ ਪਤਾ ਕੀ ਏ
ਲੱਗਾ ਸੇਵਾ ਦਾ ਪੁਰਬ, ਨਿਸਾਰ ਹੋ ਜਾ
ਮਤਾਂ ਸ਼ਮ੍ਹਾਂ ਉਸ਼ੇਰ ਦੀ ਗੁੱਲ ਹੋ ਜੈ
ਉਠ, ਪਰਵਾਨਿਆਂ ਵਿਚ ਸ਼ੁਮਾਰ ਹੋ ਜਾ
ਭੁੱਖੇ ਵੀਰਾਂ ਦੀ ਜਾਂ ਸੇਵਾ ਕਰ ਰੱਜ ਕੇ
ਭੁੱਖੇ ਇੰਜਨ ਦਾ ਜਾਂ ਫਿਰ ਸ਼ਕਾਰ ਹੋ ਜਾ

ਜਲ, ਦੁੱਧ, ਫਲ, ਪਦਾਰਥ, ਜੋ ਵੀ ਹੱਥ ਲੱਗਾ, ਵੀਰਾਂ ਦੀ ਸੇਵਾ ਵਾਸਤੇ ਲੈ ਕੇ ਸੰਗਤਾਂ ਤਿਆਰ ਹੋ ਗਈਆਂ। ਘਰ-ਘਰ, ਗਲੀ-ਗਲੀ ਵਿਚ ਖ਼ਬਰਾਂ ਹੋ ਗਈਆਂ। ਸੰਗਤਾਂ ਹੁੰਮ-ਹੁੰਮਾ ਕੇ ਕੱਠੀਆਂ ਹੋ ਗਈਆਂ। ਸਭ ਤੋਂ ਅੱਗੇ ਜਥੇਦਾਰ ਸਾਹਿਬ ਸੋਭ ਰਹੇ ਸਨ।

ਕਲੀ

ਬਰਸੇ ਨੂਰ ਅੱਖਾਂ ਤੋਂ ਲਾਲੀ ਡਲ੍ਹਕੇ ਚਿਹਰੇ 'ਤੇ
ਉੱਠੇ ਭਾਈ ਜੀ ਗੁਰ ਚਰਨੀ ਸੀਸ ਝੁਕਾ ਕੇ
ਦਿੱਤਾ ਨਗਰ ਢੰਡੋਰਾ, ਸੰਗਤਾਂ ਕੱਠੀਆਂ ਹੋ ਗਈਆਂ

ਸਨਮੁਖ ਭਾਈ ਜੀ ਇਉਂ ਬੋਲੇ ਗੱਜ ਗਜਾੱ ਕੇ
ਜਿਸਨੂੰ ਪ੍ਰੇਮ ਖੇਲਣ ਦਾ ਚਾਉ ਸਿੱਖੀ ਮਾਰਗ 'ਤੇ
ਆਓ ਆਓ ਵੀਰੋ ਤਲੀ 'ਤੇ ਸੀਸ ਟਿਕਾੱ ਕੇ
ਭੁੱਖੇ ਸ਼ੇਰ ਅਟਕ ਨੂੰ ਗੱਡੀ ਦੇ ਵਿਚ ਜਾਂਦੇ ਨੇ
ਜਿਹੜੇ ਹੱਕਾਂ ਖ਼ਾਤਰ ਆਏ ਮਾਰਾਂ ਖਾ ਕੇ
ਜਿਹੜੇ ਰਾਂਝਣ ਬਣ ਕੇ ਤੁਰ ਪਏ ਹੀਰ ਆਜ਼ਾਦੀ ਦੇ
ਵਿਹੜੇ ਸਹਿਤੀ ਦੇ ਵਿਚ ਬਹਿਣਾ ਧੂਣੀ ਤਾ ਕੇ
ਚੱਲ ਕੇ ਗੁਰੂ ਬਾਗ਼ 'ਚੋਂ ਵਤਨ ਅਸਾਡੇ ਆ ਗਏ ਨੇ
ਚੱਲੋ, ਨੇਤਰ ਸਫਲੇ ਕਰ ਲਉ ਦਰਸ਼ਨ ਪਾ ਕੇ
ਕਰ ਲਉ ਸਫਲ ਕਮਾਈ ਭੇਟਾ ਕਰ ਕੁਝ ਵੀਰਾਂ ਦੀ
ਕਰ ਲਉ ਸਫਲ ਹੱਥਾਂ ਨੂੰ ਸੇਵਾ ਟਹਿਲ ਕਮਾੱ ਕੇ
ਸਾਡਾ ਅੰਨ-ਜਲ ਸਾਂਝਾ ਲਿਖਿਆ ਨਾਲ ਭਰਾਵਾਂ ਦੇ
'ਸੀਤਲ' ਛਕਾਂਗੇ ਪਹਿਲਾਂ ਉਹਨਾਂ ਤਾਈਂ ਛਕਾੱ ਕੇ

ਸ਼ਬਦ ਪੜ੍ਹਦੀਆਂ ਸੰਗਤਾਂ ਹਸਨ ਅਬਦਾਲ ਸਟੇਸ਼ਨ ਉੱਤੇ ਜਾ ਪੁੱਜੀਆਂ। ਪੁਛਣ 'ਤੇ ਸਟੇਸ਼ਨ ਮਾਸਟਰ ਨੇ ਜਵਾਬ ਦਿੱਤਾ, ਕਿ ਏਥੇ ਗੱਡੀ ਖਲੀ ਨਹੀਂ ਹੋਵੇਗੀ। ਇਹ ਸੁਣ ਕੇ (ਜਥੇਦਾਰ ਸੰਗਤ) ਸਰਦਾਰ ਕਰਮ ਸਿੰਘ ਜੀ ਸਟੇਸ਼ਨ ਮਾਸਟਰ ਨੂੰ ਇਉਂ ਕਹਿੰਦੇ ਹਨ :

ਕੋਰੜਾ

ਜਥੇਦਾਰ ਬੋਲ ਬਾਬੂ ਨੂੰ ਸੁਣਾਵੰਦਾ
ਸਾਰਾ ਹੈ ਹਵਾਲ ਖੋਲ੍ਹ ਕੇ ਬਤਾਵੰਦਾ
ਸੰਗਤਾਂ ਦੇ ਤਪੇ ਦਿਲਾਂ ਤਾਈਂ ਠਾਰ ਦੇ
ਪੰਦਰਾਂ ਮਿੰਨਟ ਗੱਡੀ ਨੂੰ ਖਲ੍ਹਾਰ ਦੇ
ਭੁੱਖੇ ਸਾਡੇ ਵੀਰ ਭੋਜਨ ਛਕਾੱ ਲਈਏ
ਸੇਵਾ ਕਰ ਦਿਲਾਂ ਦੀ ਸੱਧਰ ਲਾਹ ਲਈਏ
ਤਾਂਘੀ ਸਾਡੇ ਨੈਣ ਉਹਨਾਂ ਦੇ ਦੀਦਾਰ ਦੇ
ਪੰਦਰਾਂ ਮਿੰਨਟ ਗੱਡੀ ਨੂੰ ਖਲ੍ਹਾਰ ਦੇ

ਹੋਊ ਹਰਜਾਨਾ, ਸੋਈ ਝੱਲ ਲਵਾਂਗੇ
ਉਤੋਂ ਜਿਹੜਾ ਆਖੂ ਕੁਛ, ਠੱਲ੍ਹ ਲਵਾਂਗੇ
ਗਾਡ ਸਾਹਿਬ ਤਾਈਂ ਸਾਡੇ ਵੱਲੋਂ ਤਾਰ ਦੇ
ਪੰਦਰਾਂ ਮਿੰਨਟ ਗੱਡੀ ਨੂੰ ਖਲ੍ਹਾਰ ਦੇ
ਖ਼ਾਲਸੇ ਦਾ ਜੋਸ਼ ਨਹੀਂਗਾ ਰਹਿਣਾ ਠੱਲ੍ਹਿਆ
ਵੀਰਾਂ ਵਾਲਾ ਦੁੱਖ ਜਾਵੰਦਾ ਨਹੀਂ ਝੱਲਿਆ
'ਸੀਤਲ' ਹਾਂ ਪਹਿਲਾਂ ਬੇਨਤੀ ਗੁਜ਼ਾਰਦੇ
ਪੰਦਰਾਂ ਮਿੰਨਟ ਗੱਡੀ ਨੂੰ ਖਲ੍ਹਾਰ ਦੇ

ਖ਼ਾਲਸੇ ਦਾ ਜੋਸ਼ ਵੇਖ ਕੇ, ਸਟੇਸ਼ਨ ਮਾਸਟਰ ਨੇ ਜ਼ਰਾ ਨਮਰਤਾ ਨਾਲ ਕਿਹਾ: "ਸਿੰਘ ਸਾਹਿਬ ਜੀ! ਜੇ ਮੈਂ ਕਰ ਸਕਦਾ ਹੁੰਦਾ, ਤਾਂ ਜ਼ਰੂਰ ਆਪਣੇ ਭਰਾਵਾਂ ਦੀ ਸੇਵਾ ਕਰਦਾ, ਪਰ ਮੈਂ ਪਰਾਏ ਵੱਸ ਹਾਂ। ਨਿਰਾ ਗ਼ੁਲਾਮ ਹੀ ਨਹੀਂ, ਗ਼ੁਲਾਮਾਂ ਦਾ ਵੀ ਗ਼ੁਲਾਮ ਹਾਂ। ਤੇ *ਗ਼ੁਲਾਮ ਦੀ ਵੀ ਕੋਈ ਜ਼ਿੰਦਗੀ ਹੁੰਦੀ ਏ? ਮੇਰੇ ਮਾਲਕਾਂ ਦਾ ਹੁਕਮ ਹੈ, ਕਿ ਏਥੇ ਗੱਡੀ ਨਾ ਖਲੀ ਹੋਵੇ।"

ਸਰਦਾਰ ਕਰਮ ਸਿੰਘ ਨੇ ਅੱਗੋਂ ਸਿੱਖੀ ਜੋਸ਼ ਵਿਚ ਆ ਕੇ ਕਿਹਾ, "ਜੇ ਤੈਨੂੰ ਤੇਰੇ ਮਾਲਕਾਂ ਦਾ ਹੁਕਮ ਹੈ, ਕਿ ਏਥੇ ਗੱਡੀ ਨਾ ਖਲੀ ਹੋਵੇ, ਤਾਂ ਸਾਨੂੰ ਸਾਡੇ ਅਰਸ਼ੀ ਦਾਤੇ ਦਾ ਹੁਕਮ ਹੈ, ਕਿ ਗੱਡੀ ਖਲੀ ਕਰ ਦੇਈਏ।"

ਨਿਰਾ ਕਹਿਣ ਨਹੀਂ, ਕਰਨ ਵੀ ਜਾਣਦੇ ਹਾਂ
ਫੜ੍ਹਾਂ ਫੋਕੀਆਂ ਖ਼ਾਲਸੇ ਮਾਰਦੇ ਨਹੀਂ
ਪੁੱਤਰ ਦਸਮ ਦੇ, ਵੀਰ ਹਾਂ ਦੀਪ ਸਿੰਘ ਦੇ
ਲੱਥੇ ਸੀਸ 'ਤੇ ਵੀ ਤੇਗੋਂ ਹਾਰਦੇ ਨਹੀਂ
ਰੁਲੂ ਰੇਤ ਅੰਦਰ ਟੁਕੜੇ ਹੋ ਭਾਵੇਂ
ਕਣੀ ਇਕ ਵੀ ਹੀਰੇ ਦੀ ਦਮਕਦੀ ਰਹੂ
ਜਦ ਤਕ ਚੰਦ ਸੂਰਜ ਦੋਵੇਂ ਕਾਇਮ ਸੀਤਲ
ਸ਼ਾਨ ਖ਼ਾਲਸੇ ਦੀ ਸਦਾ ਚਮਕਦੀ ਰਹੂ+

---

* ਗ਼ੁਲਾਮੀ ਦੇ ਬਰਖ਼ਿਲਾਫ ਤੜਫ਼ਾਂ ਦੇਣ ਵਾਲੀਆਂ ਕਵਿਤਾਵਾਂ ਪੜ੍ਹਨਾ ਚਾਹੋ, ਤਾਂ 'ਸੀਤਲ' ਜੀ ਦੇ 'ਵਹਿੰਦੇ ਹੰਝੂ' ਤੇ 'ਸੱਜਰੇ ਹੰਝੂ' ਪੜ੍ਹੋ।

+ ਪੂਰੀ ਕਵਿਤਾ, 'ਵਹਿੰਦੇ ਹੰਝੂ' ਵਿਚ ਵੇਖੋ।

ਜਥੇਦਾਰ ਕਰਮ ਸਿੰਘ ਜੀ ਸੰਗਤਾਂ ਵੱਲੋ ਸਨਮੁਖ ਹੋ ਕੇ ਕਹਿਣ ਲੱਗੇ,"ਖ਼ਾਲਸਾ ਜੀ! ਹੁਣ ਵੇਲਾ ਹੈ, ਕਿ ਅਸੀਂ ਆਪਣੇ ਵੱਡੇ ਵੱਡੇਰਿਆਂ ਦੇ ਕਾਰਨਾਮਿਆਂ ਨੂੰ ਇਕ ਵਾਰ ਫਿਰ ਜ਼ਿੰਦਾ ਕਰ ਦੇਈਏ। ਜਿਸ ਗੁਰੂ ਨੇ ਸਾਡੇ ਵਾਸਤੇ ਪਿਤਾ ਕੁਰਬਾਨ ਕਰ ਦਿੱਤਾ, ਚਾਰੇ ਸਾਹਿਬਜ਼ਾਦੇ ਵਾਰ ਦਿੱਤੇ, ਬਿਰਧ ਮਾਤਾ ਜੀ ਨੂੰ ਕੁਰਬਾਨ ਕਰੱ ਦਿੱਤਾ, ਉਸ ਗੁਰੂ ਤੇ ਸਿੱਖੀ ਦੀ ਸ਼ਾਨ ਨੂੰ ਕਾਇਮ ਰੱਖਣ ਲਈ, ਅੱਜ ਆਪਾ ਵਾਰ ਦਿਹੋ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਆਓ, ਆਪਾਂ ਵੀ ਆਪਣੇ ਬਜ਼ੁਰਗਾਂ ਦੀ ਕੀਰਤੀ ਨੂੰ ਦੁਹਰੱ ਵਿਖਾਈਏ।"

ਵਾਰ

ਲੀਕ ਖਿੱਚ ਕੇ ਜਥੇਦਾਰ ਆਖਦਾ
ਸਿੰਘੋ! ਅੰਮ੍ਰਿਤ ਦਾ ਬਲ ਦਿਖਲਾਓ
ਚੱ ਜਿਨ੍ਹਾਂ ਨੂੰ ਸ਼ਹੀਦੀਆਂ ਪਾਉਣ ਦਾ
ਸਿਰ ਧਰ ਕੇ ਤਲੀ 'ਤੇ ਆਓ
ਏਥੇ ਟਾਕਰਾ ਸਬਰ ਤੇ ਪਾਪ ਦਾ
ਮਨੀ ਸਿੰਘ ਜਿਹਾ ਹੌਸਲਾ ਵਿਖਾਓ
ਡੱਕਾ ਆਉਂਦੇ ਇੰਜਨ ਨੂੰ ਪਾ ਦਿਓ
ਗੱਡੀ ਸਾਮ੍ਹਣੇ ਛਾਤੀਆਂ ਡਾਹੋ
ਤਾਰੂ ਸਿੰਘ ਵਾਂਗ ਖੋਪਰੀ ਲੁਹਾਉਣ ਨੂੰ
ਲੀਹ ਰੇਲ ਦੀ 'ਤੇ ਚੌਂਕੜੇ ਲਾਓ
ਰੱਤ ਡੁਹਲ ਕੇ ਗੱਡੀ ਨੂੰ ਠੱਲ੍ਹ ਲਓ
ਬਣੋ ਸੂਰਮੇਂ ਸ਼ਹੀਦੀਆਂ ਪਾਓ
'ਸੀਤਲ' ਨੇਕੀਆਂ ਦੇ ਗੀਤ ਲੋਕੀਂ ਗਾਉਣਗੇ
ਯਾਦਗਾਰ ਪਿੱਛੇ ਛੱਡ ਕੋਈ ਜਾਓ

ਬੱਸ ਫਿਰ ਕੀ ਸੀ? ਜਥੇਦਾਰ ਦਾ ਹੁਕਮ ਸੁਣਦਿਆਂ ਸੰਗਤਾਂ ਰੇਲ ਦੀਆਂ ਪਟੜੀਆਂ ਮੱਲ ਖਲੋਤੀਆਂ। ਸਭ ਤੋਂ ਅੱਗੇ ਸ. ਕਰਮ ਸਿੰਘ ਤੇ ਸ. ਪਰਤਾਪ

ਸਿੰਘ ਖਲੇ ਤੇ ਮਗਰ ਸਭ ਸੰਗਤਾਂ। ਮੋਹਰਲੀਆਂ ਪਾਲਾਂ ਵਿਚ ਇਕ ਨੌਜਵਾਨ ਬੀਬੀ, ਵੀਹ-ਇੱਕੀ ਸਾਲ ਦੀ ਉਮਰ, ਕੁਛੜ ਪੰਜ-ਛੇ ਮਹੀਨੇ ਦਾ ਬੱਚਾ, ਆ ਖਲੀ। ਇਕ ਬਿਰਧ ਬਾਬੇ ਦੀ ਨਿਗ੍ਹਾ ਉਸ ਬੱਚੇ 'ਤੇ ਪਈ। ਉਹਦੇ ਦਿਲ ਵਿਚ ਖ਼ਿਆਲ ਆਇਆ, 'ਅਸੀਂ ਸਾਰੇ ਕੁਰਬਾਨ ਹੋ ਜਈਏ, ਤਾਂ ਪਰਵਾਹ ਨਹੀਂ, ਪਰ ਇਹ ਮਾਸੂਮ ਬੱਚਾ ਬਚ ਜਾਵੇ, ਤਾਂ ਮੈਂ ਸਮਝਾਂਗਾ, ਕਿ ਮੇਰੀ ਕੁਰਬਾਨੀ ਸਫਲ ਹੈ।' ਉਸ ਨੇ ਬੀਬੀ ਨੂੰ ਕਿਹਾ, "ਐ ਬੀਬੀ ਧੀ, ਐ ਨੇਕ ਬੱਚੀਏ! ਜੇ ਤੈਨੂੰ ਪ੍ਰੇਮ ਖੇਲਣ ਦਾ ਚੱਾ ਚੜ੍ਹਿਆ ਏ, ਜੇ ਤੂੰ ਸ਼ਹੀਦੀ ਬਾਟਾ ਛਕਣ ਵਾਸਤੇ ਤਿਆਰ ਹੈਂ, ਤਾਂ ਜੀ ਸਦਕੇ, ਪਰ ਇਸ ਬੱਚੇ 'ਤੇ ਤਰਸ ਕਰ, ਇਸ ਅੱਧ ਖਿੜੇ ਫੁੱਲ ਨੂੰ ਮੌਤ ਦੇ ਮੂੰਹ ਨਾ ਦੇਹ। ਇਸ ਨੂੰ ਲਾਈਨ ਤੋਂ ਪਾਸੇ ਬਿਠਾ ਦੇਹ।"

ਬੀਬੀ ਨੇ ਜਵਾਬ ਦਿੱਤਾ, "ਬਾਬਾ ਜੀ, ਮੈਨੂੰ ਇਸ ਬੱਚੇ 'ਤੇ ਤਰਸ ਆਇਆ ਹੈ, ਤਾਹੀਏਂ ਤਾਂ ਮੈਂ ਏਸ ਨੂੰ ਨਾਲ ਚੁਕ ਲਿਆਈ ਆਂ। ਮਾਂ ਦਾ ਦਿਲ ਪਿਆਰ ਦਾ ਸੋਮਾ ਹੈ। ਬੱਚਾ ਸਧਰਾਈਆਂ ਅੱਖਾਂ ਨਾਲ ਮਾਂ ਵੱਲ ਵੇਖੇ, ਤਾਂ ਮਾਂ ਮੂੰਹ ਦੀ ਗਰਾਹੀ ਬੱਚੇ ਦੇ ਮੂੰਹ ਵਿਚ ਦੇ ਦੇਂਦੀ ਏ। ਮੈਂ ਕਿਵੇਂ ਕੋਰੀ ਮਾਂ ਬਣ ਜਾਵਾਂ, ਕਿ ਮੇਰਾ ਬੱਚਾ ਬਿੱਟ ਬਿੱਟ ਤਕਦਾ ਈ ਰਹਿ ਜਾਵੇ, ਤੇ ਮੈਂ ਇਕੱਲੀ ਸ਼ਹੀਦੀ ਬਾਟਾ ਛਕ ਜਾਵਾਂ। ਨਾਲੇ ਮੈਂ ਨਹੀਂ ਚਾਹੁੰਦੀ, ਕਿ ਮੇਰੇ ਸ਼ਹੀਦ ਹੋਣ ਪਿਛੋਂ, ਮੇਰਾ ਲਾਡਲਾ ਲਾਲ, ਸ਼ਰੀਕਣੀਆਂ ਦੀਆਂ ਢੋਲੀਆਂ ਖਾ ਕੇ, ਤੇ ਕੁਸੰਗੀਆਂ ਦੀ ਸੰਗਤ ਬਹਿ ਕੇ, ਸਿੱਖੀਓਂ ਖ਼ਾਰਜ ਹੋ ਜਾਵੇ। ਮੇਰੀ ਚਾਹ ਹੈ, ਕਿ ਮੇਰਾ ਲਾਲ, ਮੇਰੇ ਨਾਲ ਸ਼ਹੀਦ ਹੋਵੇ ਤੇ ਗੁਰੂ ਨਾਨਕ ਮਹਾਰਾਜ ਦੀ ਗੋਦੀ ਵਿਚ ਜਾ ਵੱਸੇ।"

ਸਵੇਰ ਦੇ ਦਸ ਵੱਜੇ ਸਨ। ਮੰਗਲਵਾਰ, ਪੰਦਰਾਂ ਕੱਤਕ, ਸੰਮਤ ੧੯੭੯ ਬਿ. ਮੁਤਾਬਕ ੩੧ ਅਕਤੂਬਰ, ੧੯੨੨ ਈ. ਨੂੰ ਓਧਰੋਂ 'ਸ਼ਾਂ ਸ਼ਾਂ' ਕਰਦੀ ਗੱਡੀ ਆ ਰਹੀ ਸੀ। ਓਧਰੋਂ ਗੁਰੂ ਦੇ ਲਾਲ ਡਾਹ ਕੇ ਆਪਣੀਆਂ ਛਾਤੀਆਂ, ਡੁਹਲ ਕੇ ਆਪਣੀ ਰੱਤ, ਆਉਂਦੇ ਇੰਜਨ ਨੂੰ ਡੱਕਾ ਪਾ ਕੇ ਵਿਖਾਉਣ ਵਾਸਤੇ ਖਲੇ ਸਨ।

ਗੱਡੀ

ਗੱਡੀ ਭਰਕੇ ਸਪੈਸ਼ਲ ਤੋਰੀ
ਅੰਮ੍ਰਿਤਸਰ ਸ਼ਹਿਰ ਤੋਂ
ਜੀਹਦੇ ਵਿਚ ਸੀ ਪੈਨਸ਼ਨੀ ਸਾਰੇ
ਕੈਦ ਕੀਤੇ ਗੁਰੂ ਬਾਗ 'ਚੋਂ

ਜਥੇਦਾਰ ਸੀ ਅਮਰ ਸਿੰਘ ਸੂਰਾ
ਮੀਤ ਆਗੂ ਲਾਲ ਸਿੰਘ ਜੀ
ਗੱਡੀ ਚੱਲਦੀ ਹਵਾ ਨਾਲ ਜ਼ਿਦ ਕੇ
ਲੰਘ ਜਾਂਦੀ ਟੇਸ਼ਨ ਤੋਂ
ਭੁੱਖੇ ਸਿੰਘ ਸੀ ਜਥੇ ਦੇ ਸਾਰੇ
ਜਿਨ੍ਹਾਂ ਨੇ 'ਅਟਕ' ਪੁੱਜਣਾ
ਪੰਜਾ ਸਾਹਿਬ ਦੀ ਸੰਗਤ ਨੇ ਸੁਣਿਆਂ
ਸੇਵਾ ਦਾ ਪਰੇਮ ਜਾਗਿਆ
ਦੁੱਧ, ਫਲ ਕਈ ਪਦਾਰਥ ਲੈ ਕੇ
ਪੁਜ ਗਏ ਟੇਸ਼ਨ 'ਤੇ
ਜਥੇਦਾਰ ਨੇ ਬੇਨਤੀ ਕੀਤੀ
ਕੋਲ ਜਾ ਕੇ ਬਾਬੂ ਸਾਹਿਬ ਦੇ
ਗੱਡੀ ਪੰਦਰਾਂ ਮਿੰਟ ਡੱਕ ਦੇਵੋ
ਖ਼ਾਲਸੇ ਨੇ ਜਲ ਛਕਣਾ
ਬਾਬੂ ਇਕ ਨਾ ਮੰਨੀ ਸਿੰਘ ਸਾਹਿਬ ਦੀ
ਤੋੜ ਕੇ ਜਵਾਬ ਦੇ ਦਿੱਤਾ
ਸਿੰਘ ਕਰ ਅਰਦਾਸ ਖਲੋ ਗਏ
ਰੇਲ ਵਾਲੀ ਲੀਹ ਮੱਲ ਕੇ
ਵੇਲਾ ਹੋ ਗਿਆ ਬਦਲ ਗਏ ਕਾਂਟੇ
ਗੱਡੀ ਆਈ 'ਸ਼ਾਂ' ਕਰਕੇ
ਗੱਡੀ ਸਾਮ੍ਹਣੇ ਛਾਤੀਆਂ ਡਾਹੀਆਂ
ਗੁਰੂ ਦੇ ਦੁਲਾਰਿਆਂ ਨੇ
ਪਹੀਏ ਲੰਘ ਗਏ ਇੰਜਨ ਦੇ ਸਾਰੇ
ਸੂਰਿਆਂ ਦੀ ਦਿਹ ਪੀੜ ਕੇ
ਲੱਗ ਗਈਆਂ ਨੇ ਬਰੇਕਾਂ ਆਪੇ
ਗਾੜ੍ਹੀ ਰੱਤ ਖ਼ਾਲਸੇ ਦੀ
ਲਹੂ ਮਿੱਝ ਦੇ ਖੁਭਣ ਵਿਚ ਖੁਭ ਕੇ
ਟੇਸ਼ਨ 'ਤੇ ਗੱਡੀ ਰੁਕ ਗਈ

ਦੰਗ ਰਹਿ ਗਏ ਰੇਲ ਦੇ ਅਫ਼ਸਰ
ਖ਼ਾਲਸੇ ਦੀ ਕਾਰ ਵੇਖ ਕੇ
ਸੇਵਾ ਵਾਲਿਆਂ ਨੇ ਝੁਰਮਟ ਪਾਇਆ
ਰੇਲ ਦੀਆਂ ਬਾਰੀਆਂ 'ਤੇ
ਦੁੱਧ, ਫਲ ਕਈ ਪਦਾਰਥ ਮੇਵੇ
ਭੇਟਾ ਕੀਤੇ ਕੈਦੀਆਂ ਦੀ
ਏਨੇ ਚਿਰ ਨੂੰ ਕਰਮ ਸਿੰਘ ਤਾਈਂ
ਚੁੱਕ ਕੇ ਲਿਆਈਆਂ ਸੰਗਤਾਂ
ਸਿੰਘ ਆਣ ਕੇ ਦੀਦਾਰੇ ਕੀਤੇ
ਜੇਲ੍ਹ ਜਾਣ ਵਾਲਿਆਂ ਦੇ
ਫ਼ਤਹਿ ਆਖ਼ਰੀ ਕਰਮ ਸਿੰਘ ਬੋਲੀ
ਓਧਰੋਂ ਸਵਾਸ ਮੁਕ ਗਏ
ਦੂਜਾ ਭਾਈ ਪਰਤਾਪ ਸਿੰਘ ਸੂਰਾ
ਜੀਹਨੇ ਬਾਹੀ ਜਥੇਦਾਰ ਦੀ
ਮੱਲ ਲਈ। ਮੱਲ ਲਈ।
ਖ਼ਾਲਸੇ ਨੇ ਰੱਤ ਡੋਲ ਕੇ ਗੱਡੀ ਠੱਲ੍ਹ ਲਈ

ਇਹ ਹੈ ਸਿੱਖਾਂ ਦਾ ਸੱਤਿਆਗ੍ਰਹਿ।

"ਚੜ੍ਹਾ ਦੋ ਇਨ ਕੋ ਸੂਲੀ ਪਹਿ ਤੋ ਭੀ ਹੱਕ ਹੱਕ ਸੁਨਾਤੇ ਹੈਂ,
ਜੋ ਆਸ਼ਕ ਹੈਂ, ਵੁਹ ਸਰਸ਼ਾਰੇ ਮੈ–ਇ ਮਨਸੂਰ ਰਹਿਤੇ ਹੈਂ।"

ਡੇਢ ਘੰਟਾ ਗੱਡੀ ਖਲੀ ਰਹੀ। ਅੰਦਰਲੇ ਕੈਦੀਆਂ ਨੂੰ ਭੋਜਨ ਪਦਾਰਥ ਵਰਤਾਏ ਗਏ। ਸਭ ਪੋਲੀਸ ਹੈਰਾਨ ਹੋ ਕੇ ਪਿਛੇ ਹਟੀ ਖਲੀ ਸੀ। ਅੰਤ ਜਥੇਦਾਰ ਦਾ ਹੁਕਮ ਹੋਇਆ, ਸੰਗਤਾਂ ਲਾਈਨ ਤੋਂ ਪਾਸੇ ਹੱਟੀਆਂ, ਤਾਂ ਗੱਡੀ ਅੱਗੇ ਗਈ। ਏਸ ਸਾਕੇ ਵਿਚ ਦੋ ਸਿੰਘ (ਕਰਮ ਸਿੰਘ ਤੇ ਪਰਤਾਪ ਸਿੰਘ) ਸ਼ਹੀਦ ਹੋਏ, ਤੇ ਹੇਠ ਲਿਖੇ ਛੇ ਸਿੰਘ ਫੱਟੜ ਹੋਏ :–

੧. ਸ. ਗੰਗਾ ਸਿੰਘ ਜੀ, ਪਿੰਡ ਮਜਾਹ, ਜ਼ਿਲ੍ਹਾ ਅਟਕ।
੨. ਸ. ਚਰਨ ਸਿੰਘ ਜੀ, ਪਿੰਡ ਮਜਾਹ, ਜ਼ਿਲ੍ਹਾ ਅਟਕ।
੩. ਸ. ਨਿਹਾਲ ਸਿੰਘ ਜੀ, ਪਿੰਡ ਲਾਲ ਪੁਰਾ (ਢੋਟੀਆਂ) ਜ਼ਿਲ੍ਹਾ ਅੰਮ੍ਰਿਤਸਰ।
੪. ਸ. ਭਾਗ ਸਿੰਘ ਜੀ ਹਲਵਾਈ, ਪੰਜਾ ਸਾਹਿਬ (ਅਸਲੀ ਪਿੰਡ ਪੜਿਆਲ, ਜ਼ਿਲ੍ਹਾ ਕੈਮਲਪੁਰ)

੫. ਸ. ਫ਼ਕੀਰ ਸਿੰਘ ਜੀ, ਪੰਜਾ ਸਾਹਿਬ।
੬. ਸ. ਕਲਿਆਨ ਸਿੰਘ ਜੀ, ਪਿੰਡ ਮਹਿਤਾਈ; ਜ਼ਿਲਾ ਮੁਜ਼ੱਫ਼ਰਾਬਾਦ (ਕਸ਼ਮੀਰ) ਹੁਣ ਦੋਹਾਂ ਸ਼ਹੀਦ ਸਿੰਘਾਂ ਬਾਬਤ ਥੋੜ੍ਹਾ ਥੋੜ੍ਹਾ ਲਿਖਦੇ ਹਾਂ।

ਸ. ਪਰਤਾਪ ਸਿੰਘ ਜੀ ਸ਼ਹੀਦ

ਆਪ ਨੱਗਰ ਅਕਾਲਗੜ੍ਹ, ਜ਼ਿਲ੍ਹਾ ਗੁਜਰਾਂਵਾਲਾ ਦੇ ਰਹਿਣ ਵਾਲੇ ਸਨ। ਰਾਜਪੂਤ ਬਰਾਦਰੀ ਦੀ ਕਰਵੜ ਗੋਤ ਵਿਖੇ ੧੫ ਚੇਤ, ਥਿੱਤ ਅਸ਼ਟਮੀ ੧੯੫੬ ਬਿ. ਨੂੰ ਪਿਤਾ ਸ. ਸਰੂਪ ਸਿੰਘ ਜੀ ਸਰਾਫ਼ ਤੇ ਮਾਤਾ ਪ੍ਰੇਮ ਕੌਰ ਜੀ ਦੇ ਘਰ ਜਨਮ ਹੋਇਆ। ਆਪ ਜੀ ਦੀ ਧਰਮ ਪਤਨੀ ਬੀਬੀ ਹਰਨਾਮ ਕੌਰ, ਸ. ਕਪੂਰ ਸਿੰਘ ਜੀ (ਨੱਗਰ ਲੋਹੀਆਂ, ਜ਼ਿਲ੍ਹਾ ਗੁਜਰਾਂਵਾਲਾ) ਦੀ ਸਪੁੱਤਰੀ ਸੀ। ਸ਼ਹੀਦ ਜੀ ਦੇ ਘਰ ਇਕ ਲੜਕੀ ਤੇ ਇਕ ਲੜਕਾ (ਤਰਲੋਕ ਸਿੰਘ) ਹੋਏ। ਲੜਕਾ ਪਿਤਾ ਦੀ ਸ਼ਹੀਦੀ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਚਲਾਣਾ ਕਰ ਗਿਆ ਤੇ ਲੜਕੀ ਅਜੇ ਤਕ ਹੈ।

ਸ. ਪਰਤਾਪ ਸਿੰਘ ਜੀ ਪਹਿਲਾਂ ਛੇ ਸੱਤ ਮਹੀਨੇ ਭਲਵਾਲ ਸਕੂਲ ਵਿਚ ਮਾਸਟਰ ਰਹੇ, ਫਿਰ ਕਰਾਚੀ ਆੜ੍ਹਤ ਦੀ ਦੁਕਾਨ 'ਤੇ ਜਾ ਰਹੇ। ਏਥੇ ਆਪ ਜੀ ਨੇ ਅੰਮ੍ਰਿਤ ਛਕਿਆ। ਫਿਰ ਆਪ ਫ਼ੌਜੀ ਦਫ਼ਤਰ ਵਿਚ ਸ਼ਿਮਲੇ ਜਾ ਲੱਗੇ। ਏਥੋਂ ਰਾਵਲਪਿੰਡੀ ਤਬਦੀਲੀ ਹੋ ਗਈ। ਇਹਨੀਂ ਦਿਨੀਂ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਸ਼ਰੋਮਣੀ ਕਮੇਟੀ ਦਾ ਹੁਕਮ ਹੋਇਆ, ਕਿ ਸਭ ਕਾਲੇ ਦਸਤਾਰੇ ਸਜਾ ਲਓ। ਆਪ ਕਾਲੀ ਪੱਗ ਬੰਨ੍ਹ ਕੇ ਦਫ਼ਤਰ ਚਲੇ ਗਏ। ਅਫ਼ਸਰ ਨੇ ਕਾਲੀ ਪੱਗ ਲਾਹੁਣ ਵਾਸਤੇ ਕਿਹਾ, ਤਾਂ ਆਪ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

ਸਾਕੇ ਦੇ ਸਮੇਂ ਆਪ ਗੁਰਦੁਆਰਾ ਪੰਜਾ ਸਾਹਿਬ ਦੇ ਮੈਨੇਜਰ ਸਨ। ਸ਼ਹੀਦੀ ਵੇਲੇ ਆਪ ਦੀ ਉਮਰ ੨੩ ਸਾਲ, ੭ ਮਹੀਨੇ, ੧ ਦਿਨ ਸੀ।

ਸ. ਕਰਮ ਸਿੰਘ ਜੀ ਸ਼ਹੀਦ

ਆਪ ਗੁਰਦੁਆਰਾ ਕੇਸਗੜ੍ਹ ਸਾਹਿਬ (ਅਨੰਦਪੁਰ) ਦੇ ਜੱਦੀ ਮਹੰਤ ਸਨ। ਆਪ ਜੀ ਦਾ ਜਨਮ ਵੀਰਵਾਰ, ੧ ਮਾਘ, ੧੯੪੨ ਬਿ. ਨੂੰ ਪਿਤਾ ਭਾਈ ਸਾਹਿਬ ਭਾਈ ਭਗਵਾਨ ਸਿੰਘ ਜੀ ਮਹੰਤ ਤੇ ਮਾਤਾ ਰੂਪ ਕੌਰ ਜੀ ਦੇ ਘਰ

ਹੋਇਆ। ਆਪ ਜੀ ਦਾ ਪਹਿਲਾ ਨਾਮ ਸੰਤ ਸਿੰਘ ਸੀ। ਹਜ਼ੂਰ ਸਾਹਿਬ ਤੋਂ ਅੰਮ੍ਰਿਤ ਛਕਣ 'ਤੇ ਸ. ਕਰਮ ਸਿੰਘ ਨਾਮ ਪ੍ਰਸਿਧ ਹੋਇਆ। ਆਪ ਟਾਂਕ-ਛੱਤਰੀ ਬਰਾਦਰੀ ਵਿਚੋਂ ਸਨ।

ਸ. ਭਗਵਾਨ ਸਿੰਘ ਜੀ ਗੁਰਪੁਰੀ ਸਿਧਾਰੇ, ਤਾਂ ਕਰਮ ਸਿੰਘ ਜੀ ਗੁ: ਕੇਸਗੜ੍ਹ ਸਾਹਿਬ ਦੇ ਮਹੰਤ ਬਣੇ। ਅਕਾਲੀ ਲਹਿਰ ਚੱਲੀ, ਤਾਂ ਆਪ ਨੇ ਜੱਦੀ ਮਹੰਤੀ ਤੋਂ ਅਸਤੀਫ਼ਾ ਦੇ ਕੇ ਗੁਰਦੁਆਰਾ ਪੰਥ ਦੇ ਹਵਾਲੇ ਕਰ ਦਿੱਤਾ। ਆਪ ਗੁਰੂ ਕੇ ਬਾਗ਼ ਦੇ ਫੱਟੜਾਂ ਦੀ ਸੇਵਾ ਵਿਚ ਆ ਰੁੱਝੇ। ਸਾਕੇ ਤੋਂ ਕੁਝ ਦਿਨ ਪਹਿਲਾਂ ਆਪ ਪੰਜਾ ਸਾਹਿਬ ਦਰਸ਼ਨ ਵਾਸਤੇ ਆਏ ਹੋਏ ਸਨ। ਸਾਕੇ ਵਾਲੇ ਦਿਨ ਆਪ ਜੀ ਦੀ ਉਮਰ ੩੬ ਸਾਲ, ੯ ਮਹੀਨੇ, ੧੫ ਦਿਨ ਸੀ।

ਵਾਹਿਗੁਰੂ ਜੀ ਕਾ ਖ਼ਾਲਸਾ।
ਵਾਹਿਗੁਰੂ ਜੀ ਕੀ ਫ਼ਤਹਿ।

ਪ੍ਰਸੰਗ ਲਿਖਿਆ, ੫-੧-੩੬ ਈ.

ਵਾਰ

ਸ਼ਹੀਦ ਕੇਵਲ ਸਿੰਘ

ਵੀਹ-ਇੱਕੀ ਸਾਲ ਦਾ ਜਵਾਨ ਸਿਪਾਹੀ ਸ. ਕੇਵਲ ਸਿੰਘ ਪਿੰਡ ਕੋਟਲੀ ਥਾਨ ਸਿੰਘ (ਜ਼ਿਲ੍ਹਾ ਜਲੰਧਰ) ਦਾ ਰਹਿਣ ਵਾਲਾ ਸੀ। ਨੀਫ਼ਾ ਵਿਚ ਉਹ ਆਪਣੇ ਥੋੜ੍ਹੇ ਜੇਹੇ ਸਾਥੀਆਂ ਸਣੇ 'ਵਾਲੋਂਗਾ' ਚੌਕੀ ਦੀ ਰਾਖੀ ਕਰ ਰਿਹਾ ਸੀ। ਉਹਨਾਂ ਨਾਲੋਂ ਕੋਈ ਗੁਣਾਂ ਵਧੇਰੇ ਚੀਨੇ ਉਹਨਾਂ ਉੱਤੇ ਆ ਪਏ। ਮਰਦਾਂ ਨੇ ਹੌਸਲਾ ਨਹੀਂ ਹਾਰਿਆ। ਜਵਾਨ ਕੇਵਲ ਸਿੰਘ ਆਪਣੇ ਸਾਥੀਆਂ ਨੂੰ ਲਲਕਾਰ ਕੇ ਇਉਂ ਕਹਿੰਦਾ ਹੈ :

ਮਿਰਜ਼ਾ

ਮੈਂ ਦੇਸ ਦੁਆਬੇ ਜੰਮਿਆਂ
ਜੋ ਯੋਧਿਆਂ ਦਾ ਅਸਥਾਨ
ਜਿੱਥੇ ਬਬਰਾਂ ਬੀਰ-ਬਹਾਦਰਾਂ
ਵਾਰੀ ਦੇਸ ਲਈ ਜਿੰਦ ਜਾਨ
ਜਿੱਥੇ ਭਗਤ ਸਿੰਘ ਜਹੇ ਖੇਡ ਗਏ
ਢਾਡੀ ਵਾਰਾਂ ਜਿੰਨ੍ਹਾਂ ਦੀਆਂ ਗਾਣ
ਜਿਹੜੇ ਮੌਤ ਵਿਹਾਝਣ ਜਾਣਦੇ
ਅਸੀਂ ਉਹਨਾਂ ਦੀ ਸੰਤਾਨ
ਅਸੀਂ ਸਿਰ ਦੇਣੋਂ ਨਾ ਸੰਗਦੇ
ਪਰ ਅਣਖ ਨਾ ਦੇਈਏ ਜਾਣ
ਅੱਜ ਨੀਫ਼ਾ ਦੀ ਸਰਹੱਦ 'ਤੇ
ਜੋ ਵੈਰੀ ਉਤਰੇ ਆਣ

ਉਹਨਾਂ ਸੁੱਤੇ ਸ਼ੇਰ ਵੰਗਾਰ ਲਏ
ਪਰ ਬਚ ਕੇ ਹੁਣ ਨਾ ਜਾਣ
ਹੋ ਜੌ ਤਕੜੇ ਮੇਰੇ ਹਾਣੀਓਂ
ਹੋਈਏ ਦੇਸ ਲਈ ਕੁਰਬਾਨ
ਇਹ ਕਹਿ ਲਲਕਾਰਾ ਮਾਰਿਆ
ਜਦ ਕੇਵਲ ਸਿੰਘ ਬਲਵਾਨ
ਉਹਦੇ ਸਾਥੀ ਸਿਰਲੱਥ ਸੂਰਮੇਂ
ਲੱਗੇ ਗੋਲੀਆਂ ਮੀਂਹ ਬਰਸਾਨ
ਉਹ ਹਿੱਕਾਂ ਅੰਦਰ ਮਾਰਦੇ
ਅਤੇ ਛਾਤੀਆਂ ਦੇ ਵਿਚ ਖਾਣ
ਉਹ ਪੂਰ ਖਪੱਾ ਕੇ ਵੈਰੀਆਂ
ਫਿਰ ਆਪਣੀ ਵਾਰਨ ਜਾਨ
ਬਾਕੀ ਸਾਰੇ ਸ਼ਹੀਦੀਆਂ ਪਾ ਗਏ
ਕੱਲਾ ਰਹਿ ਗਿਆ ਮਰਦ ਜਵਾਨ

ਕੇਵਲ ਸਿੰਘ ਦੇ ਸਾਰੇ ਸਾਥੀ ਸ਼ਹੀਦ ਹੋ ਗਏ। ਫਿਰ ਵੀ ਮਰਦ ਨੇ ਹੌਸਲਾ ਨਾ ਹਾਰਿਆ। ਉਹਦੇ ਕੋਲੋਂ ਦਾਰੂ-ਸਿੱਕਾ ਮੁੱਕ ਗਿਆ, ਤਾਂ ਉਹ ਬੰਦੂਕ ਅੱਗੇ ਸੰਗੀਨ ਚੜ੍ਹਾਂ ਕੇ ਮੈਦਾਨ ਵਿਚ ਕੁੱਦ ਪਿਆ।

ਸਾਕਾ

ਤੁਰ ਗਏ ਸਾਥੀ ਸੁਰਗ ਨੂੰ ਸਭ ਫ਼ਤਹਿ ਬੁਲਾ ਕੇ
ਕੱਲ੍ਹਾ ਰਹਿ ਗਿਆ ਸੂਰਮਾ ਪਿੜ ਅੰਦਰ ਆ ਕੇ
ਦਾਰੂ ਸਿੱਕਾ ਮੁੱਕਿਆ ਕਈ ਵੈਰੀ ਘਾ ਕੇ
ਫੇਰ ਸੂਰਮਾ ਉਠਿਆ ਸੰਗੀਨ ਚੜ੍ਹਾ ਕੇ
ਬਾਹਰ ਨਿਕਲਿਆ ਖੰਧਕੋਂ ਸਿੰਘ ਨਾਹਰੇ ਲਾ ਕੇ
ਵਾਂਗ ਸ਼ੇਰ ਦੇ ਭਬਕਿਆ ਮੱਥੇ ਵੱਟ ਪਾ ਕੇ
ਬਰਫ਼ਾਂ ਕੱਜੀਆਂ ਚੋਟੀਆਂ ਕੰਬੀਆਂ ਭੈ ਖਾ ਕੇ
(ਉਹ) ਵੈਰੀ ਉਤੇ ਜਾ ਪਿਆ ਡਰ ਮੌਤ ਦਾ ਲਾਹ ਕੇ

ਖੁੰਬਾਂ ਵਾਂਗ ਪਰੋ ਦਿੱਤੇ ਸੰਗੀਨਾਂ ਵਾਹ ਕੇ
ਕੁਛ ਡਿੱਗੇ, ਕੁਛ ਨੱਸ ਗਏ, ਰਣ ਕੰਡ ਵਿਖਾ ਕੇ
ਦੂਰ ਖਲੋਤੇ ਵੈਰੀਆਂ ਫਿਰ ਘੇਰਾ ਪਾ ਕੇ
ਅੱਗ ਵਰ੍ਹਾਈ ਕਹਿਰ ਦੀ ਗੁੱਸੇ ਵਿਚ ਆ ਕੇ
ਲੰਘੀਆਂ ਕੇਈ ਗੋਲੀਆਂ ਸੀਨੇ ਸੱਲ ਪਾ ਕੇ
ਮਰਦ ਸ਼ਹੀਦੀ ਪਾ ਗਿਆ, ਪਰ ਹੱਥ ਵਿਖਾ ਕੇ

ਕਹਿੰਦੇ ਹਨ, ਅੱਠ ਚੀਨੇ ਉਹਨੇ ਬੰਦੂਕ ਨਾਲ (ਸੋਟੇ ਵਾਂਗ) ਕੁੱਟ ਕੁੱਟ ਕੇ ਮਾਰ ਦਿੱਤੇ। ਸਾਰਾ ਸਰੀਰ ਵੈਰੀ ਦੀਆਂ ਗੋਲੀਆਂ ਨਾਲ ਛਾਨਣੀ ਹੋ ਗਿਆ, ਤਾਂ ਯੋਧਾ ਸ਼ਹੀਦ ਹੋ ਕੇ ਧਰਤੀ 'ਤੇ ਢਹਿ ਪਿਆ।

ਪਿਛੋਂ ਸਰਕਾਰ ਹਿੰਦ ਨੇ ਉਹਨੂੰ ਦੂਸਰੇ ਦਰਜੇ ਦਾ ਫ਼ੌਜੀ ਸਨਮਾਨ 'ਮਹਾਂਵੀਰ ਚੱਕਰ' ਦਿੱਤਾ। ਪੰਜਾਬ ਸਰਕਾਰ ਨੇ ਉਸ ਦੀ ਵਿਧਵਾ ਪਤਨੀ ਸੁਰਜੀਤ ਕੌਰ ਨੂੰ ਪੰਜ ਹਜ਼ਾਰ ਰੁਪੈ ਸਹਾਇਤਾ ਵਜੋਂ ਦਿੱਤੇ।

੨੯-੯-੬੩

ਵਦਾਇਗੀ

ਛੋਟੇ ਸਾਹਿਬਜ਼ਾਦੇ :-

ਤੁਰ ਪਏ ਦੋਵੇਂ ਲਾਡਲੇ ਜਦ ਫ਼ਤਹਿ ਬੁਲਾ ਕੇ
ਵਾਰ ਆਖ਼ਰੀ ਮਾਂ ਦੇ ਚਰਨੀਂ ਹੱਥ ਲਾ ਕੇ
ਬੂਹੇ ਵਿਚੋਂ ਪਰਤ ਕੇ ਬੋਲੇ ਮੁਸਕਾ ਕੇ
ਮਾਂ! ਉਡੀਕਾਂਗੇ ਅਸੀਂ ਸਚਖੰਡ ਵਿਚ ਜਾ ਕੇ
ਪਰ ਨਾ ਆਉਣਾ ਤੁਸਾਂ ਨੇ ਬਹੁਤਾ ਚਿਰ ਲਾ ਕੇ
ਥੱਕ ਨਾ ਜਾਈਏ ਅੰਮੀਏਂ! ਅਸੀਂ ਔਸੀਆਂ ਪਾਕੇ

ਸਾਡਾ ਜੀ ਨਹੀਂ ਲੱਗਣਾ, ਮਾਂ! ਛੇਤੀ ਆਉਣਾ
ਨਹੀਂ ਤਾਂ ਰੁੱਸ ਪਊ ਫ਼ਤਹਿ ਸਿੰਘ ਤੇਰਾ ਜੀ-ਪਰਚਾਉਣਾ
ਮਿਨਤਾਂ ਕਰ ਕਰ ਅੰਮੀਏਂ! ਫਿਰ ਪਊ ਮਨਾਉਣਾ
ਤੇਰੇ ਬਾਝੋਂ ਲੋਰੀਆਂ ਦੇ ਕਿਨ੍ਹੇ ਸੁਆਉਣਾ
ਤੇਰੀ ਗੋਦੀ ਬਾਝ ਨਾ ਸੱਚਖੰਡ ਵੀ ਭਾਉਣਾ
ਮਾਂਵਾਂ ਬਾਝੋਂ ਲੱਗਦਾ, ਮਾਂ! ਸੁਰਗ ਡਰਾਉਣਾ

ਮਾਤਾ ਗੁਜਰੀ :-

ਸੁਣ ਕੇ ਮੂਰਤ ਪਿਆਰ ਦੀ ਉੱਠੀ ਬਲ ਲਾ ਕੇ
ਵਿਚ ਦਲ੍ਹੀਜਾਂ ਜਾਂ ਖਲੀ ਬਾਹੀ ਹੱਥ ਪਾ ਕੇ
ਰੁਕ ਗਈ ਮਮਤਾ ਤੜਪਦੀ ਬੁੱਲ੍ਹਾਂ ਤਕ ਆ ਕੇ
ਪੀ ਲਏ ਹੰਝੂ ਅੰਦਰੇ ਉਸ ਡੀਕਾਂ ਲਾ ਕੇ
ਦੇ ਦੇ ਦਾਬੂ ਸਬਰ ਦੇ ਰਖ ਦਰਦ ਦਬਾ ਕੇ
ਭਾਣਾ ਮੰਨ ਅਕਾਲ ਦਾ ਬੋਲੀ ਮੁਸਕਾ ਕੇ

ਚੱਲੋ ਮੇਰੇ ਹੀਰਿਓ! ਮੈਂ ਮਗਰੇ ਆਵਾਂ
ਪੁੱਤਾਂ ਪਿੱਛੋਂ ਜਿਉਂਦੀਆਂ ਕਦ ਸੁਣੀਆਂ ਮਾਂਵਾਂ
ਪੁੱਤਰਾਂ ਉਦਾਲੇ 'ਰਾਮਕਾਰ' ਮਾਵਾਂ ਦੀਆਂ ਬਾਹਵਾਂ
ਮਾਂ-ਪੁੱਤਰਾਂ ਦੀ ਸਾਂਝ, ਜਿਉਂ ਚਾਨਣ-ਪਰਛਾਂਵਾਂ
ਜਿਧਰ ਉਡਦੇ ਹੰਸ ਓਧਰੇ ਜਾਂਦੀਆਂ ਛਾਂਵਾਂ
ਤੇਰ ਘਰ ਦੀਆਂ ਰੌਣਕਾਂ ਮੈਂ ਸੁਰਗ ਵਸਾਵਾਂ

ਜਰ ਲਾਂ ਗੀ ਮੈਂ, ਬੱਚਿਓ! ਮੇਰਾ ਵੱਡਾ ਜੇਰਾ
ਪੀੜਾਂ ਸਾਂਭਣ ਵਾਸਤੇ ਦਿਲ ਥਾਂਉਂ ਬਥੇਰਾ
ਪਤੀ ਵਾਰਿਆ—ਪੜ੍ਹਦਿਆਂ—'ਵਾਹ, ਭਾਣਾ ਤੇਰਾ'
ਕਿਹੜਾ ਸੱਲ ਨਹੀਂ ਜਿਗਰ ਵਿਚ ਲਾ ਬੈਠਾ ਡੇਰਾ
ਜਦ ਜਦ ਰਾਤਾਂ ਕਾਲੀਆਂ ਆ ਪਾਵਣ ਘੇਰਾ
ਸਦਾ ਉਹਨਾਂ 'ਚੋਂ ਜਨਮਦਾ ਚੰਨ, ਸੋਨ-ਸਵੇਰਾ

ਜਾਓ, ਮੇਰੇ ਚਾਨਣੋ, ਕਿਉਂ ਕਰਦੇ ਦੇਰੀ
ਮਰਦਾਂ ਦੀ ਨਿੱਤ ਹੋਵੰਦੀ, ਪੁੱਤ! ਵਾਟ ਲੰਮੇਰੀ
ਰੁਕਣ ਨ ਪਾਂਧੀ ਸੱਚ ਦੇ, ਤਕ ਮੀਂਹ ਹਨ੍ਹੇਰੀ
ਵਧਣ ਤੂਫ਼ਾਨਾਂ ਵਿਚ ਵੀ ਉਹ ਨਾਲ ਦਲੇਰੀ
ਚਰਨ ਚੁੰਮਦੀਆਂ ਮਨਜ਼ਲਾਂ ਓੜਕ ਦੀ ਵੇਰੀ
ਸਗਨ ਮਨਾਵੇ ਮੌਤ ਵੀ ਮਰਦਾਂ ਦੀ ਚੇਰੀ

(ਫਿਰ ਜੀਤੋ ਜੀ ਨੂੰ ਯਾਦ ਕਰਕੇ ਮਾਂ ਗੁਜਰੀ ਕਹਿੰਦੀ ਹੈ :)

ਆ ਜਾ 'ਜੀਤੋ' ਰਾਣੀਏਂ! ਲੈ ਮਿੰਟ ਉਧਾਰੇ
ਤਕ ਲੈ ਮੇਰੀ ਬੱਚੀਏ! ਚੰਨ ਚੜ੍ਹਦੇ ਖਾਰੇ
ਸੇਹਰੇ ਕਿੰਨੇ ਲੱਗਦੇ ਇਸ ਉਮਰ ਪਿਆਰੇ
ਟੁੱਟਣਗੇ ਅੱਜ ਅੰਬਰੋਂ ਦੋ ਰੌਸ਼ਨ ਤਾਰੇ
ਚਾਨਣ ਚਾਨਣ ਹੋਣਗੇ ਬ੍ਰਹਿਮੰਡ ਅੰਧਿਆਰੇ
ਤਕ ਕੇ ਫਿੱਕੇ ਪੈਣਗੇ ਚੰਦ ਸੂਰਜ ਸਾਰੇ

ਆ ਜਾ ਉਠ ਕੇ ਸੁੱਤੀਏ! ਉਠ ਸਗਨ ਮਨਾ ਲੈ
ਤੁਰ ਪਏ ਮੌਤ ਵਿਆਹੁਣ ਨੂੰ ਤੇਰੇ ਲਾਡਾਂ ਪਾਲੇ
ਵੇਖ, ਫਬਦੀਆਂ ਜੋੜੀਆਂ ਲਾੜੇ ਸਰਬਾਲ੍ਹੇ
ਸੁੱਚੀਆਂ ਦੁੱਧ ਦੀਆਂ ਦੰਦੀਆਂ, ਕੀ ਉਮਰਾਂ ਹਾਲੇ
ਅਮਰ ਹੋਣ ਲਈ ਤੁਰ ਪਏ ਵੀਰਾਂ ਦੇ ਨਾਲੇ
ਜੰਮਣਾ ਉਹਦਾ 'ਸੀਤਲਾ', ਲੱਜ ਵੱਡਿਆਂ ਪਾਲੇ

੧੨-੧-੭੦ ਈ.

ਉਠ ! ਜਾਗ ਮੁਸਾਫ਼ਰ !

ਓ, ਉੱਠ! ਜਾਗ ਮੁਸਾਫ਼ਰ! ਪਿਆਰੇ
ਕਿਉਂ ਤੂੰ ਕੀਤੇ ਕੌਲ ਵਿਸਾਰੇ
ਲਿਖੀਆਂ ਭੁਲੱਾ ਲਈਆਂ
ਦੁਨੀਆਂ ਛਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
ਉੱਚੇ ਜ਼ੁਲਮ ਦੇ ਮਹਿਲ ਉਸਾਰੇ
ਢਾਹੇ ਮਜ਼ਲੂਮਾਂ ਦੇ ਢਾਰੇ
ਰੂਹਾਂ ਕਈ ਦੁਖੱਾ ਲਈਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
ਓਧਰ ਖ਼ੂੰਨ ਕਈਆਂ ਦੇ ਡੁੱਲ੍ਹੇ
ਤੇਰੇ ਕਲਸ ਸੁਨਹਿਰੀ ਝੁੱਲ੍ਹੇ
ਮਮਟੀਆਂ ਬਣੱਾ ਲਈਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
ਚੜ੍ਹ ਕੇ ਹਿਰਸ ਹਵਾ ਦੇ ਘੋੜੇ
ਐਵੇਂ ਗੰਜ ਮਾਇਆ ਦੇ ਜੋੜੇ
ਕਬਰਾਂ ਪੁਟੱਾ ਲਈਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
ਜੀਹਨੂੰ ਕਰਦੈਂ ਮੇਰੀ ਮੇਰੀ
ਦੁਨੀਆਂ ਦੁਸ਼ਮਣ ਹੋ ਜੂ ਤੇਰੀ

ਸਾਂਝਾਂ ਜਾਂ ਚੁਕੱਾ ਲਈਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
ਉਹ ਨਹੀਂ ਸਦਾ ਰਹੇ ਹੰਕਾਰੀ
ਜਿੰਨ੍ਹਾਂ ਦੋ ਦਿਨ ਆਪਣੀ ਵਾਰੀ
ਚੰਮ ਦੀਆਂ ਚਲੱਾ ਲਈਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
ਜਿੰਨ੍ਹਾਂ ਰੱਬ ਵੱਲ ਤੀਰ ਚਲਾਏ
ਏਥੋਂ ਜਾਂਦੇ ਨਜ਼ਰ ਨਾ ਆਏ
ਸਫ਼ਾਂ ਹੀ ਉਠੱਾ ਲਈਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ
'ਸੀਤਲ' ਦੋ ਦਿਨ ਦੁਨੀਆਂ ਮੇਲਾ
ਆਖ਼ਰ ਤੁਰ ਜੂ ਰੂਹ ਇਕੇਲਾ
ਛੱਡ ਕੇ ਭਿਆਲੀਆਂ
ਦੁਨੀਆਂ ਛੱਡਣੀ ਪੈਣੀ ਏਂ
ਕਾਹਨੂੰ ਤੂੰ ਪਰੀਤਾਂ ਪਾ ਲਈਆਂ

੧੮-੨-੪੦ ਈ.

ਬਾਕੀ ਨਹੀਂ ਨਾਮ ਨਸ਼ਾਨ ਰਿਹਾ

ਦੁਨੀਆਂ 'ਤੇ ਕੋਈ ਆਏ
ਜਿੰਨ੍ਹਾਂ ਚੰਮ ਦੇ ਸਿੱਕੇ ਚਲਾਏ
ਜਦੋਂ ਕਾਬੂ ਕਾਲ ਦੇ ਆਏ
ਟੁੱਟ ਮਾਣ ਗਿਆ, ਅਰਮਾਨ ਰਿਹਾ
ਬਾਕੀ ਨਹੀਂ ਨਾਮ ਨਸ਼ਾਨ ਰਿਹਾ
ਕੋਈ ਵੱਡੇ ਦੌਲਤਾਂ ਵਾਲੇ
ਜਿੰਨ੍ਹਾਂ ਮੰਦਰ ਸੁਨਹਿਰੀ ਪਾ ਲੈ
ਅੰਤ ਹੋ ਗਏ ਅਗਨ ਹਵਾਲੇ
ਰਾਵਣ ਜਿਹਾ ਨਹੀਂ ਬਲਵਾਨ ਰਿਹਾ
ਬਾਕੀ ਨਹੀਂ ਨਾਮ ਨਸ਼ਾਨ ਰਿਹਾ
ਕੋਈ ਕਾਰੂੰ, ਕੋਈ ਸਕੰਦਰ
ਕੋਈ ਯੋਧੇ, ਵਲੀ, ਪੈਗ਼ੰਬਰ
ਅੱਗੇ ਹੋ ਗਏ ਦੁਨੀਆਂ ਅੰਦਰ
ਨਿਤ ਨਹੀਂ ਕੋਈ ਸ਼ਾਹ ਸੁਲਤਾਨ ਰਿਹਾ
ਬਾਕੀ ਨਹੀਂ ਨਾਮ ਨਸ਼ਾਨ ਰਿਹਾ
ਜਿੰਨ੍ਹਾਂ ਚੌਦਾਂ ਤਬਕ ਹਿਲਾਏ
ਸਿੱਧੇ ਰੱਬ ਨੂੰ ਤੀਰ ਚਲਾਏ
ਅੰਤ ਜਾਂਦੇ ਨਜ਼ਰ ਨਾ ਆਏ
ਨਹੀਂ ਦਿਲ ਵਿਚ ਕੋਈ ਗੁਮਾਨ ਰਿਹਾ
ਬਾਕੀ ਨਹੀਂ ਨਾਮ ਨਸ਼ਾਨ ਰਿਹਾ
ਕੋਈ ਸੋਹਣੇ ਯੂਸਫ਼ ਵਰਗੇ
ਜਿਹੜੇ ਮਾਣ ਹੁਸਨ ਦਾ ਕਰ ਗਏ
ਜਦੋਂ ਲੇਖ ਮੱਥੇ ਦੇ ਹਰ ਗਏ

ਕਿਤੇ ਮਿਸਰ, ਕਿਤੇ ਕਨਿਆਨ ਰਿਹਾ
ਬਾਕੀ ਨਹੀਂ ਨਾਮ ਨਸ਼ਾਨ ਰਿਹਾ
'ਸੀਤਲ' ਜਗ ਜਾਣ ਸਰਾਏ
ਏਥੇ ਕਈ ਮੁਸਾਫ਼ਰ ਆਏ
ਬੀਤੀ ਰਾਤ ਸੁਭਾ ਉਠ ਧਾਏ
ਦੋ ਦਿਨ ਦਾ ਹਰ ਮਹਿਮਾਨ ਰਿਹਾ
ਬਾਕੀ ਨਹੀਂ ਨਾਮ ਨਸ਼ਾਨ ਰਿਹਾ

੨੮-੭-੩੯ ਈ.

ਏਥੇ ਬੈਠ ਕਿਸੇ ਨਹੀਂ ਰਹਿਣਾ

ਗੱਡੀ

ਏਥੇ ਬੈਠ ਕਿਸੇ ਨਹੀਂ ਰਹਿਣਾ
ਮੇਲਾ ਬੰਦੇ ਕੋਈ ਦਮ ਦਾ
ਰਿਹਾ ਨਿੱਤ ਨਾ ਜਹਾਨ 'ਤੇ ਕੋਈ
ਵੱਡੇ ਵੱਡੇ ਹੋ ਗੁਜ਼ਰੇ
ਜਿਨ੍ਹਾਂ ਕਾਲ ਪਾਵਿਆਂ ਨਾਲ ਬੰਨ੍ਹਿਆਂ
ਦੁਨੀਆਂ ਤੋਂ ਉਹ ਵੀ ਚੱਲ ਗਏ
ਲੱਖ ਪੁੱਤਰ, ਸਵਾ ਲੱਖ ਪੋਤਰਾ
ਰਿਹਾ ਨਾ ਨਸ਼ਾਨ ਜੱਗ 'ਤੇ
ਖ਼ਾਕ ਉੱਡ ਗਈ ਵਰੋਲੇ ਬਣਕੇ
ਸੋਨੇ ਦਿਆਂ ਮੰਦਰਾਂ ਦੀ
ਜਿਨ੍ਹਾਂ ਉੱਡਣ ਖਟੋਲਿਆਂ 'ਤੇ ਚੜ੍ਹ ਕੇ
ਸਿੱਧੇ ਮਾਰੇ ਤੀਰ ਰੱਬ ਨੂੰ
ਅੱਜ ਨਾਮ ਨਾ ਉਹਨਾਂ ਦਾ ਕੋਈ ਜਾਣੇ
ਸੁਪਨੇ ਦੇ ਵਾਂਗ ਭੁੱਲ ਗਏ
ਨਾਮ ਆਪਣਾ ਜਿਨ੍ਹਾਂ ਜਪਵਾਇਆ
ਹੈ ਭੀ, ਹੋਸੀ ਜਲ ਥਲ ਭੀ
ਥੰਮ੍ਹ ਪਾੜ ਕੇ ਹਰੀ ਜਦ ਆਇਆ
ਮਾਨੀਆਂ ਦਾ ਮਾਣ ਟੁੱਟਿਆ
ਪਹੀਏ ਰਥ ਦੇ ਸਮੁੰਦਰ ਬਣਾਉਂਦੇ
ਮਾਨਧਾਤਾ ਜੇਹੇ ਚੱਲ ਗਏ

ਜਿੰਨ੍ਹਾਂ ਧਨ ਦੇ ਕੋਈ ਗੰਜ ਜੋੜੇ
ਮਾਇਆ ਧਾਰੀ ਕਾਰੂੰ ਨਾ ਰਿਹਾ
ਦਾਹਵਾ ਜਿੰਨ੍ਹਾਂ ਨੇ ਖ਼ੁਦਾਈ ਦਾ ਕੀਤਾ
ਉਹਨਾਂ ਤੋਂ ਵੀ ਮੌਤ ਨਾ ਟਲੀ
ਸੁਲੇਮਾਨ, ਲੁਕਮਾਨ, ਅਫ਼ਲਾਤੂ
ਦਾਰਾ ਨਾ ਸਿਕੰਦਰ ਰਿਹਾ
ਸੋਹਣਾ ਯੂਸਫ਼ ਸੀ ਪੁੱਤਰ ਯਾਕੂਬ ਦਾ
ਮੁੱਲ ਪਿਆ ਸੂਤ ਦੀ ਅੱਟੀ
ਮਾਣ ਛੱਡਦਾ ਕਿਸੇ ਦਾ ਨਾਹੀਂ
ਕਾਲ ਬਲੀ ਸਾਰਿਆਂ ਤੋਂ
ਹੱਥ ਝਾੜ ਕੇ ਜੁਆਰੀਆਂ ਵਾਂਗੂੰ
ਤੁਰ ਗਏ ਨੇ ਬਾਜ਼ੀ ਹਾਰ ਕੇ
ਏਨੇ ਚੱਲ ਗਏ, ਅੱਸਾਂ ਚੱਲ ਜਾਣਾ
'ਸੀਤਲ' ਨਾ ਫੇਰ ਜੱਗ 'ਤੇ
ਆਵਣਾ! ਆਵਣਾ!!
ਇਕ ਦਿਨ ਦੁਨੀਆਂ ਨੂੰ ਛੱਡ ਜਾਵਣਾ

੧੮-੮-੩੭ ਈ.

ਭਾਰਤ ਮਾਤਾ

ਆਪਣੇ ਨੌਜਵਾਨ ਸਪੂਤ ਨੂੰ

ਭਾਰਤ ਮਾਤਾ :-

ਉਠ ਬਹੁ ਮੇਰੇ ਹੀਰਿਆ! ਕਰ ਲੈ ਤਿਆਰੀ
ਬਣ ਗਈ ਤੇਰੇ ਦੇਸ 'ਤੇ ਅੱਜ ਬਿਪਤਾ ਭਾਰੀ
ਲੜਨ ਦੇਵਤੇ ਆਪ ਵਿਚ ਕੀ ਕਰੇ ਪੁਜਾਰੀ
ਵਤਨ ਚੀਰਿਆ ਵਤਨੀਆਂ ਆਪੇ ਧਰ ਆਰੀ
ਪਾਟਾ ਨਕਸ਼ਾ ਸਿਉਣ ਨੂੰ ਤੂੰ ਬਣ ਉਪਕਾਰੀ
ਸੀਸ ਤਲੀ ਧਰ ਸੋਹਣਿਆਂ, ਵਰ ਮੌਤ ਕੁਆਂਰੀ
ਟੁਕੜੇ ਹੋਇਆ ਦੇਸ ਇਕ ਕਰ ਫਿਰ ਇਕ ਵਾਰੀ
ਗਾਵੇਗੀ ਜੱਸ ਹੀਰਿਆ! ਤੇਰਾ ਦੁਨੀਆਂ ਸਾਰੀ

ਝੰਡਾ ਗੱਡ ਮੈਦਾਨ ਵਿਚ ਜਰਨੈਲ ਪੁਕਾਰੇ
ਤੁਸੀਂ ਜਾਪੋ ਵੀਰ 'ਅਜੀਤ' ਦੇ 'ਜ਼ੋਰਾਵਰ' ਸਾਰੇ
ਤੁਸਾਂ ਦਿੱਤੇ ਸਿਰ ਦਸਮੇਸ਼ ਨੂੰ ਤਲਵਾਰ ਇਸ਼ਾਰੇ
ਅੱਜ ਓਸ ਪਵਿੱਤਰ ਦੇਸ 'ਤੇ ਪਏ ਸੰਕਟ ਭਾਰੇ
ਜਿੱਥੇ 'ਨਾਨਕ' ਰੂਪ ਅਕਾਲ ਦੇ ਦਸ ਜਾਮੇ ਧਾਰੇ
ਜਿੱਥੇ ਤਖ਼ਤ ਤੇ ਤਖ਼ਤੇ ਦੋਹਾਂ ਦੇ ਲਏ ਤੁਸਾਂ ਨਜ਼ਾਰੇ
ਜਿੱਥੇ ਚੌਰ ਝੁਲਾਏ ਸਿਰਾਂ 'ਤੇ ਚਲਵਾਏ ਆਰੇ
ਅੱਜ ਉਸੇ ਪਿਆਰੇ ਦੇਸ ਲਈ ਕਰ ਲਵੋ ਤਿਆਰੇ
ਤੇਰੇ ਗੁੰਦੇ ਹੋਏ ਸਰੀਰ 'ਤੇ ਕਿਆ ਵਰਦੀ ਫੱਬੇ
ਤੇਰੇ ਮੋਢੇ ਲੱਗੀ ਰਫਲ ਪਈ ਦੁਸ਼ਮਣ ਨੂੰ ਲੱਭੇ
ਜਾਂ ਕਰੇਂ ਪਰੇਡ ਮੈਦਾਨ ਵਿਚ ਭੌਂ ਸੱਜੇ ਖੱਬੇ
ਹੋ ਸਿੱਧੇ ਚਰਨੀਂ ਢਹਿਣ ਆ ਜਨਮਾਂ ਦੇ ਕੱਬੇ

ਜਿੰਨ੍ਹਾਂ ਧਨ ਦੇ ਕੇਈ ਗੰਜ ਜੋੜੇ
ਮਾਇਆ ਧਾਰੀ ਕਾਰੂੰ ਨਾ ਰਿਹਾ
ਦਾਹਵਾ ਜਿੰਨ੍ਹਾਂ ਨੇ ਖ਼ੁਦਾਈ ਦਾ ਕੀਤਾ
ਉਹਨਾਂ ਤੋਂ ਵੀ ਮੌਤ ਨਾ ਟਲੀ
ਸੁਲੇਮਾਨ, ਲੁਕਮਾਨ, ਅਫ਼ਲਾਤੂ
ਦਾਰਾ ਨਾ ਸਿਕੰਦਰ ਰਿਹਾ
ਸੋਹਣਾ ਯੂਸਫ਼ ਸੀ ਪੁੱਤਰ ਯਾਕੂਬ ਦਾ
ਮੁੱਲ ਪਿਆ ਸੂਤ ਦੀ ਅੱਟੀ
ਮਾਣ ਛੱਡਦਾ ਕਿਸੇ ਦਾ ਨਾਹੀਂ
ਕਾਲ ਬਲੀ ਸਾਰਿਆਂ ਤੋਂ
ਹੱਥ ਝਾੜ ਕੇ ਜੁਆਰੀਆਂ ਵਾਂਗੂੰ
ਤੁਰ ਗਏ ਨੇ ਬਾਜ਼ੀ ਹਾਰ ਕੇ
ਏਨੇ ਚੱਲ ਗਏ, ਅੱਸਾਂ ਚੱਲ ਜਾਣਾ
'ਸੀਤਲ' ਨਾ ਫੇਰ ਜੱਗ 'ਤੇ
ਆਵਣਾ! ਆਵਣਾ!!
ਇਕ ਦਿਨ ਦੁਨੀਆਂ ਨੂੰ ਛੱਡ ਜਾਵਣਾ

੧੮-੮-੩੭ ਈ.

ਭਾਰਤ ਮਾਤਾ

ਆਪਣੇ ਨੌਜਵਾਨ ਸਪੂਤ ਨੂੰ

ਭਾਰਤ ਮਾਤਾ :-

ਉਠ ਬਹੁ ਮੇਰੇ ਹੀਰਿਆ ! ਕਰ ਲੈ ਤਿਆਰੀ
ਬਣ ਗਈ ਤੇਰੇ ਦੇਸ 'ਤੇ ਅੱਜ ਬਿਪਤਾ ਭਾਰੀ
ਲੜਨ ਦੇਵਤੇ ਆਪ ਵਿਚ ਕੀ ਕਰੇ ਪੁਜਾਰੀ
ਵਤਨ ਚੀਰਿਆ ਵਤਨੀਆਂ ਆਪੇ ਧਰ ਆਰੀ
ਪਾਟਾ ਨਕਸ਼ਾ ਸਿਉਣ ਨੂੰ ਤੂੰ ਬਣ ਉਪਕਾਰੀ
ਸੀਸ ਤਲੀ ਧਰ ਸੋਹਣਿਆਂ, ਵਰ ਮੌਤ ਕੁਆਂਰੀ
ਟੁਕੜੇ ਹੋਇਆ ਦੇਸ ਇਕ ਕਰ ਫਿਰ ਇਕ ਵਾਰੀ
ਗਾਵੇਗੀ ਜੱਸ ਹੀਰਿਆ ! ਤੇਰਾ ਦੁਨੀਆਂ ਸਾਰੀ

ਝੰਡਾ ਗੱਡ ਮੈਦਾਨ ਵਿਚ ਜਰਨੈਲ ਪੁਕਾਰੇ
ਤੁਸੀਂ ਜਾਪੋ ਵੀਰ 'ਅਜੀਤ' ਦੇ 'ਜ਼ੋਰਾਵਰ' ਸਾਰੇ
ਤੁਸਾਂ ਦਿੱਤੇ ਸਿਰ ਦਸਮੇਸ਼ ਨੂੰ ਤਲਵਾਰ ਇਸ਼ਾਰੇ
ਅੱਜ ਉਸ ਪਵਿੱਤਰ ਦੇਸ 'ਤੇ ਪਏ ਸੰਕਟ ਭਾਰੇ
ਜਿੱਥੇ 'ਨਾਨਕ' ਰੂਪ ਅਕਾਲ ਦੇ ਦਸ ਜਾਮੇ ਧਾਰੇ
ਜਿੱਥੇ ਤਖ਼ਤ ਤੇ ਤਖ਼ਤੇ ਦੋਹਾਂ ਦੇ ਲਏ ਤੁਸਾਂ ਨਜ਼ਾਰੇ
ਜਿੱਥੇ ਚੌਰ ਝੁਲਾਏ ਸਿਰਾਂ 'ਤੇ ਚਲਵਾਏ ਆਰੇ
ਅੱਜ ਉਸੇ ਪਿਆਰੇ ਦੇਸ ਲਈ ਕਰ ਲਵੋ ਤਿਆਰੇ
ਤੇਰੇ ਗੁੰਦੇ ਹੋਏ ਸਰੀਰ 'ਤੇ ਕਿਆ ਵਰਦੀ ਫੱਬੇ
ਤੇਰੇ ਮੋਢੇ ਲੱਗੀ ਰਫਲ ਪਈ ਦੁਸ਼ਮਣ ਨੂੰ ਲੱਭੇ
ਜਾਂ ਕਰੇਂ ਪਰੇਡ ਮੈਦਾਨ ਵਿਚ ਭੌਂ ਸੱਜੇ ਖੱਬੇ
ਹੋ ਸਿੱਧੇ ਚਰਨੀਂ ਢਹਿਣ ਆ ਜਨਮਾਂ ਦੇ ਕੱਬੇ

ਕਿਆ 'ਘੂੰ ਘੂੰ' ਤੇਰੀ ਕਾਰ ਦੀ ਕੰਨਾਂ ਵਿਚ ਫੱਬੇ
ਜਾਂ ਉਡੇਂ ਵਿਚ ਅਸਮਾਨ ਦੇ ਚਾੱ ਲਹਿੰਦੇ ਸੱਭੇ

ਮੈਂ ਸਦਕੇ ਤੇਰੀ ਚੜ੍ਹਤ ਤੋਂ ਵਾਹ! ਸ਼ਾਵਾ! ਬੱਲੇ
ੳ ਤੇਰਾ ਰੁਹਬ ਪੰਜਾਬੀਆ! ਨਾ ਦੁਨੀਆਂ ਝੱਲੇ
ਜਦ ਮਾਰੇਂ ਪੈਰ ਜ਼ਮੀਨ 'ਤੇ ਪਈ ਧਰਤੀ ਹੱਲੇ
ਤੇਰੇ ਨੀਲੇ ਦੇ ਸੁੰਬ ਖੜਕਦੇ ਫੱਟ ਪਾਟਣ ਅੱਲੇ
ਤੇਰੀ ਢਾਕੇ ਸ਼ਕਤੀ ਲਟਕਦੀ ਜੋ ਜੁੱਗ ਉਥੱਲੇ
ਤੂੰ ਉਹਨਾਂ ਦੀ ਔਲਾਦ ਹੈਂ ਸਤ ਜਿਨ੍ਹਾਂ ਪੱਲੇ
ਜਿੱਨ੍ਹਾਂ ਅਟਕ ਜਹੇ ਦਰਿਆ ਨੂੰ ਪਾ ਦਿੱਤੇ ਠੱਲ੍ਹੇ
ਅੱਜ ਕਿਹੜਾ ਵਿਚ ਮੈਦਾਨ ਦੇ ਤੇਰੇ ਰੋਕੇ ਹੱਲੇ

ਇਹ ਸੱਦ ਸੁਣ ਕੇ ਪੰਜਾਬੀ ਗਭਰੂ ਦਾ ਲਹੂ ਉਬਲਦਾ ਹੈ, ਤੇ ਉਹ ਭਰਤੀ ਹੋਣ ਲਈ ਤਿਆਰ ਹੋ ਕੇ ਕਹਿੰਦਾ ਹੈ :-

ਮੈਂ ਛੱਤਰੀ ਬਾਣਾ ਪਹਿਨ ਕੇ, ਹੱਥ ਝੰਡਾ ਚਾ ਕੇ
ਹਾਂ ਆਇਆ ਵਿਚ ਮੈਦਾਨ ਦੇ ਹਥਿਆਰ ਉਠਾ ਕੇ
ਮੈਂ ਰੱਖਿਆ ਕਰਨੀ ਦੇਸ ਦੀ ਜੀ-ਜਾਨ ਲੜਾ ਕੇ
ਮੈਂ ਆਖਾਂ ਸੱਚ ਜ਼ਬਾਨ 'ਤੋਂ ਸਹੁੰ ਤੇਗ਼ ਦੀ ਖਾ ਕੇ
ਮੈਂ ਰਣ ਵਿਚ ਗਿਆ ਨਾ ਮੁੜਾਂਗਾ ਕਦੇ ਕੰਡ ਵਿਖਾ ਕੇ
ਤੇ ਜਿਉਂਦਾ ਮੁੜਨ ਨ ਦਿਆਂਗਾ ਕੋਈ ਸਾਮ੍ਹਣੇ ਆ ਕੇ

ਮੈਂ ਗਭਰੂ ਦੇਸ ਪੰਜਾਬ ਦਾ ਰਣ ਸ਼ੇਰ ਸਦਾਵਾਂ
ਮੇਰੇ ਦਿਲ ਵਿਚ ਨੱਚਣ ਸ਼ਕਤੀਆਂ ਬਲ-ਮੇਰੀ ਬਾਂਹਵਾਂ
ਮੈਂ ਠੋਕਰ ਲਾ ਕੇ ਬੂਟ ਦੀ ਪਰਬਤ ਕੰਬਾਵਾਂ
ਜਾਂ ਰੱਤ ਵਿਚ ਮੇਰੀ ਤੇਗ਼ ਦਾ ਕੰਬੇ ਪਰਛਾਂਵਾਂ
ਤਾਂ ਲਿਸ਼ਕਣ ਲੱਖਾਂ ਬਿਜਲੀਆਂ ਅੱਗ ਅੰਬਰੀਂ ਲਾਵਾਂ
ਮੈਂ ਖੇਡਾਂ ਬੰਬਾਂ ਨਾਲ ਜਾਂ ਭੁਚਾਲ ਲਿਆਵਾਂ
ਮੈਂ ਚੀਰਾਂ ਪੇਟ ਅਕਾਸ਼ ਦਾ ਉਡ ਵਿਚ ਹਵਾਵਾਂ
ਮੈਂ ਅੰਬਰੋਂ ਤਾਰੇ ਤੋੜ ਕੇ ਅੱਗ-ਬਾਣ ਬਣਾਵਾਂ

ਕਰ ਸੂਰਜ ਕਿਰਣਾਂ ਕੱਠੀਆਂ ਅੰਗਿਆਰ ਵਸਾਵਾਂ
ਮੈਂ ਸਾੜਾਂ ਦੁਸ਼ਮਣ ਦੇਸ ਦੇ ਨਿਸ਼ਾਨ ਮਿਟਾਵਾਂ

ਜੋ ਚੜ੍ਹ ਕੇ ਮੇਰੇ ਦੇਸ 'ਤੇ ਸੁਪਨੇ ਵਿਚ ਆਵੇ
ਮੈਂ ਸਿੱਧਾ ਭੇਜਾਂ ਦੋਜ਼ਖ਼ੀਂ, ਨਾ ਕਬਰ ਸਮਾਵੇ
ਜੋ ਰੱਖੇ ਭਾਰਤਵਰਸ਼ 'ਤੇ ਕਬਜ਼ੇ ਦੇ ਦਾਹਵੇ
ਮੈਂ ਭਸਮ ਕਰਾਂ, 'ਮੁਚਕੁੰਦ' ਜਿਉਂ ਉਡ ਰਾਖ ਵੀ ਜਾਵੇ
ਮੇਰੇ ਮੋਢੇ ਲੱਗੀ ਨਾਗਣੀ ਲੱਪ ਦਾਰੂ ਖਾਵੇ
ਇਹ ਅੱਗ ਉਗਲੱਛੇ ਅੰਦਰੋਂ ਦੁਸ਼ਮਣ ਘਰ ਲਾਵੇ
ਇਹ ਨਜ਼ਰਾਂ ਲਾਵੇ ਸੋਹਣਿਆਂ ਰੱਤ ਅੰਦਰ ਨ੍ਹਾਵੇ
ਇਹ ਕਾਲੀ ਤਿਲਕ ਸੰਧੂਰ ਦਾ ਲਾ ਸਗਨ ਮਨਾਵੇ

ਜਾਂ ਲੜਿਆ ਹੋਤ ਬਿਗਾਨਿਆਂ ਮੈਂ ਧੁੰਮਾਂ ਪਾਈਆਂ
ਮੈਂ ਜਿੱਤੀਆਂ ਯੂਰਪ ਦੀਪ ਵਿਚ ਦੋ ਘੋਰ ਲੜਾਈਆਂ
ਜਦ ਅੱਜ ਮੈਂ ਆਪਣੇ ਦੇਸ ਲਈ ਚੁਕੀਆਂ ਸਰਵਾਹੀਆਂ
ਜੋ ਅੜਨਗੇ ਆ ਕੇ ਸਾਮ੍ਹਣੇ ਅਜੇ ਜਣੇ ਨਾ ਮਾਈਆਂ
ਜਿਸ ਮੇਰੇ ਹਜ਼ਾਰੇ ਦੇਸ ਨੂੰ ਤੱਕ ਨਜ਼ਰਾਂ ਲਾਈਆਂ
ਮੈਂ ਅੱਖੀਆਂ ਅੰਨ੍ਹੀਆਂ ਕਰਾਂਗਾ ਵਿਚ ਫੇਰ ਸਲਾਈਆਂ
ਮੈਂ ਮੋੜਾਂਗਾ ਧੜ ਸੱਖਣੇ ਚੜ੍ਹ ਧਾੜਾਂ ਆਈਆਂ
ਮੈਂ ਸੁੱਟਾਂ ਬੰਬ ਅਸਮਾਨ ਤੋਂ ਕਰ ਦਿਆਂ ਸਫ਼ਾਈਆਂ
ਹੁਣ ਸੌ ਦੀ ਇਕੋ 'ਸੀਤਲਾ' ਮੈਂ ਦਿਲ ਵਿਚ ਠਾਣੀ
ਮੇਰੀ ਚੱਲੀ ਹੋਈ ਤਲਵਾਰ ਦੀ ਜਗ ਕਰੂ ਕਹਾਣੀ
ਜੋ ਮਿਣ ਮਿਣ ਕਰਾਂ ਨਾ ਡੱਕਰੇ ਦੁਸ਼ਮਣ ਦੀ ਢਾਣੀ
ਰੱਬ ਜ਼ਹਿਰ ਮੇਰੇ ਲਈ ਕਰ ਦੇਵੇ 'ਸਤਲੁਜ' ਦਾ ਪਾਣੀ
ਮੈਂ ਰਿੜਕਾਂਗਾ ਲਹੂ ਫਿੱਟਿਆ ਘੱਤ ਤੇਗ ਮਧਾਣੀ
ਮੈਂ ਪੰਜੇ ਮੁੜ ਕੇ ਮੇਲਣੇ ਵਿਛੜੇ ਹੋਏ ਹਾਣੀ
ਪਰ ਚਾਹੁੰਦਾ 'ਹਿੰਦ ਸਰਕਾਰ' ਤੋਂ ਇਕੋ ਮਨਵਾਣੀ
ਰਹੇ ਬੋਲੀ ਮੇਰੇ ਪੰਜਾਬ ਦੀ ਪੰਜਾਬੀ ਰਾਣੀ

੧੫-੫-੪੮

ਦਾਤਾ ਤੇ ਭਿਖਾਰੀ

ਦਾਤਾ ਦਾਨ ਕਰੇ ਤਾਂ ਭਾਲੇ, ਰੱਜੇ ਪੂਜਾ ਖਾਣੇ
ਭਰਿਆਂ ਥਾਂਵਾਂ ਨੂੰ ਸਭ ਭਰਦੇ, ਕਹਿੰਦੇ ਕੁੱਲ ਸਿਆਣੇ
ਹੱਥ ਔਂਡਿਆਂ ਕੋਈ ਖ਼ੈਰ ਨਾ ਪਾਵੇ, ਬਿਨ ਮੰਗਿਆਂ ਨਾ ਦੇਵੇ
ਥੁੜਿਆਂ ਦੀ ਕੋਈ ਵਾਤ ਨਾ ਪੁੱਛਦਾ, ਕਿਸਨੂੰ ਯਾਦ ਨਿਮਾਣੇ

ਹਰ ਕੋਈ ਡਰੇ ਗ਼ਰੀਬਾਂ ਕੋਲੋਂ ਛੋਹਣ ਨਾ ਦੇਵੇ ਨੇੜੇ
ਜਮ ਦਾ ਦੂਤ ਸਵਾਲੀ ਜਾਪੇ, ਜਿਉਂ ਰਾਂਝਣ ਨੂੰ ਖੇੜੇ
ਡਿਗਿਆਂ ਨੂੰ ਸਭ ਇੱਟਾਂ ਮਾਰਨ, ਭੁੱਖਿਆਂ ਨੂੰ ਝਿੜਕਾਵਣ
ਧੰਨ ਦਾਤਾ, ਜੋ ਦੁਨੀਆਂ ਦੇ ਛਿਣਕੇ ਹੋਇ ਆਪ ਸਹੇੜੇ

੪-੪-੩੪ ਈ.

ਪੂਰਨ ਪੁਰਖ

ਪੂਰਨ ਪੁਰਖ ਪਤੀ ਪਰਮੇਸ਼ਰ,
ਪ੍ਰੀਤ ਪੁਨੀਤ ਪੀਆ ਪਰਚਾਵੇ
ਗੁਰ ਗੋਬਿੰਦ ਗੋਪਾਲ ਗੁਸਾਈਂ
ਗਹਿਰ ਗੰਭੀਰ ਰਹੇ ਗੁਣ ਗਾਵੇ

ਕਾਰਨ ਕਰਨ, ਕਲੇਸ਼ ਕਟੇ,
ਕਿਰਪਾ ਕਰੇ ਕੋਈ ਕਾਰ ਕਰਾਵੇ
ਸਾਧ ਸੰਗਤ ਸਰਣੀ ਸੁਖ 'ਸੀਤਲ'
ਸਫਲ ਸਰੀਰ ਸੁ ਸੇਵ ਸਮਾਵੇ

੧੫-੪-੩੫ ਈ.

ਸੋਹਣ ਸਿੰਘ ਸੀਤਲ ਰਚਿਤ

ਇਤਿਹਾਸ—੧. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ, ੨. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ, ੩. ਬੰਦਾ ਸਿੰਘ ਸ਼ਹੀਦ, ੪. ਸਿੱਖ ਰਾਜ! ਕਿਵੇਂ ਬਣਿਆਂ, ੫. ਸਿੱਖ ਮਿਸਲਾਂ ਦੇ ਸਰਦਾਰ ਘਰਾਣੇ, ੬. ਸਿੱਖ ਰਾਜ ਤੇ ਸ਼ੇਰੇ-ਪੰਜਾਬ, ੭. ਸਿੱਖ ਰਾਜ ਕਿਵੇਂ ਗਿਆ, ੮. ਦੁਖੀਏ ਮਾਂ ਪੁੱਤ, ੯. ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ, ੧੦, ਧਰਮ ਦਾ ਰਾਖਾ, ੧੧. ਬਾਬਾ ਨਾਨਕ, ੧੨. ਸਿੱਖ ਸ਼ਹੀਦ ਤੇ ਯੋਧੇ, ੧੩. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ੧੪. ਸਿੱਖ ਇਤਿਹਾਸ ਦੇ ਸੋਮੇ, ਪੰਜ ਭਾਗ, ੧੫. ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ, ੧੬. ਗੁਰਬਾਣੀ ਵਿਚਾਰ, ੧੭. ਮੇਰੇ ਇਤਿਹਾਸਕ ਲੈਕਚਰ, ੧੮. ਵੇਖੀ ਮਾਣੀ ਦੁਨੀਆਂ (ਸ੍ਵੈ-ਜੀਵਨੀ)

ਨਾਵਲ—੧. ਜੁੱਗ ਬਦਲ ਗਿਆ, ੨. ਤੂਤਾਂ ਵਾਲਾ ਖੂਹ, ੩. ਜਵਾਲਾਮੁਖੀ, ੪. ਈਚੋਗਿੱਲ ਨਹਿਰ ਤੱਕ, ੫. ਕਾਲੇ ਪਰਛਾਂਵੇਂ, ੬. ਜੰਗ ਜਾਂ ਅਮਨ, ੭. ਮੁੱਲ ਦਾ ਮਾਸ, ੮. ਪਤਵੰਤੇ ਕਾਤਲ, ੯. ਵਿਜੋਗਣ, ੧੦. ਅੰਨ੍ਹੀ ਸੁੰਦਰਤਾ, ੧੧. ਦੀਵੇ ਦੀ ਲੋ, ੧੨. ਬਦਲਾ, ੧੩. ਪ੍ਰੀਤ ਤੇ ਪੈਸਾ, ੧੪. ਪ੍ਰੀਤ ਕਿ ਰੂਪ, ੧੫. ਧਰਤੀ ਦੀ ਬੇਟੀ, ੧੬. ਸੁੰਞਾ ਆਹਲਣਾ, ੧੭. ਧਰਤੀ ਦੇ ਦੇਵਤੇ, ੧੮. ਮਹਾਰਾਣੀ ਜਿੰਦਾਂ, ੧੯. ਦਲੀਪ ਸਿੰਘ, ੨੦. ਤਿੰਨ ਛੋਟੇ ਇਨਾਮੀ ਨਾਵਲ।

ਵਾਰਾਂ—੧. ਸੀਤਲ ਕਿਰਣਾਂ, ੨. ਸੀਤਲ ਸੁਨੇਹੇ, ੩. ਸੀਤਲ ਹੰਝੂ, ੪. ਸੀਤਲ ਹੁਲਾਰੇ, ੫. ਸੀਤਲ ਤਰੰਗਾਂ, ੬. ਸੀਤਲ ਪ੍ਰਸੰਗ, ੭. ਸੀਤਲ ਪ੍ਰਕਾਸ਼, ੮. ਸੀਤਲ ਤਰਾਨੇ, ੯. ਸੀਤਲ ਵਾਰਾਂ, ੧੦. ਸੀਤਲ ਤਾਂਘਾਂ, ੧੧. ਸੀਤਲ ਵਲਵਲੇ, ੧੨. ਸੀਤਲ ਅੰਗਿਆੜੇ, ੧੩. ਸੀਤਲ ਰਮਜ਼ਾਂ, ੧੪. ਸੀਤਲ ਉਮੰਗਾਂ, ੧੫. ਸੀਤਲ ਚੰਗਿਆੜੇ, ੧੬.੧੭. ਸੀਤਲ ਮੁਨਾਰੇ ਤੇ ਚਮਕਾਂ, ੧੮. ਸੀਤਲ ਸੁਗਾਤਾਂ, ਮੇਰੀਆਂ ਢਾਡੀ ਵਾਰਾਂ ਚਾਰ ਭਾਗ।

ਕਵਿਤਾ—੧. ਵਹਿੰਦੇ ਹੰਝੂ, ੨. ਸੱਜਰੇ ਹੰਝੂ, ੩. ਦਿਲ ਦਰਿਆ, ੪. ਮੇਰੇ ਗੀਤ

ਸਿੱਖ ਇਤਿਹਾਸ ਦੇ ਸੋਮੇਂ

(ਇਸ ਵਿਚ ਪੁਰਾਤਨ ਇਤਿਹਾਸਾਂ ਦਾ ਸਾਰ-ਅੰਸ਼ ਅਤੇ ਇਹਨਾਂ ਬਾਰੇ ਧਾਰਮਿਕ ਤੇ ਇਤਿਹਾਸਿਕ ਆਲੋਚਨਾ ਹੈ।)

ਪਹਿਲਾ ਭਾਗ—ਇਸ ਵਿਚ ਹਨ :-

੧. ਸਿਰੀ ਗੁਰ ਸੋਭਾ, ਕਰਤਾ ਸੈਨਾਪਤੀ

੨. ਗੁਰ ਬਿਲਾਸ, ਕਰਤਾ ਕੋਇਰ ਸਿੰਘ।

੩. ਗੁਰ ਬਿਲਾਸ ਪਾਤਸ਼ਾਹੀ ਛੇਵੀਂ।

੪. ਗੁਰ ਬਿਲਾਸ, ਕਰਤਾ ਸੁੱਖਾ ਸਿੰਘ

੫. ਬੰਸਾਵਲੀ ਨਾਮਾ, ਕਰਤਾ ਕੇਸਰ ਸਿੰਘ ਛਿੱਬਰ।

ਦੂਜਾ ਭਾਗ—ਇਸ ਵਿਚ ਹਨ :-

੧. ਗੁਰੂ ਨਾਨਕ ਮਹਿਮਾ, ਕਰਤਾ ਸਰੂਪ ਦਾਸ ਭੱਲਾ।

੨. ਮਹਿਮਾ ਪ੍ਰਕਾਸ਼, ਕਰਤਾ ਸਰੂਪ ਦਾਸ ਭੱਲਾ।

੩. ਪਰਚੀਆਂ ਸੇਵਾਦਾਸ ਉਦਾਸ।

੪. ਨੌਂ ਗੁਰ ਪ੍ਰਣਾਲੀਆਂ।

ਤੀਜਾ ਭਾਗ—ਇਸ ਵਿਚ ਕਵੀ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਨਾਨਕ ਪ੍ਰਕਾਸ਼' ਹੈ।

ਚੌਥਾ ਭਾਗ—ਇਸ ਵਿਚ 'ਗੁਰ ਪ੍ਰਤਾਪ ਸੂਰਜ' (ਸੂਰਜ ਪ੍ਰਕਾਸ਼) ਦੀਆਂ ਪਹਿਲੀਆਂ ਦਸ ਰਾਸਾਂ ਹਨ।

ਪੰਜਵਾਂ ਭਾਗ—ਇਸ ਵਿਚ 'ਗੁਰ ਪ੍ਰਤਾਪ ਸੂਰਜ' ਦਾ ਬਾਕੀ ਸਾਰਾ ਹਿੱਸਾ ਹੈ।